Edition 2017

# Punjabi Grammar Notes

Pdf Download

For

## Govt Exams Preparation

Specially Designed For Punjab Govt Competitive Exams

*200+ Mcq Questions

*Theory Cover All Topics

*25+ Previous Year Papers(Grammar )

By:- www.earnmoneyjobs.com

*We have a key to unlock your dreams*

| S. No | INDEX | PAGE NO. |
|---|---|---|
| 1 | ਪੰਜਾਬੀ ਵਿਆਕਰਨ | 1 |
| 2 | ਭਾਸਾ ਜਾ ਬੋਲੀ | 1 |
| 3 | ਲਿਪੀ | 2 |
| 4 | ਵਰਨਮਾਲਾਂ | 2 |
| 5 | ਧੁਨੀ | 2 |
| 6 | ਵਿਅੰਜਨ | 2 |
| 7 | ਦੁੱਤ ਅੱਖਰ | 3 |
| 8 | ਲਗਾਂ | 3 |
| 9 | ਲਗਾਂਖਰ | 4 |
| 10 | ਸਬਦ ਬੋਧ | 4 |
| 11 | ਨਾਂਵ | 4 |
| 12 | ਪੜ੍ਹਨਾਵ | 6 |
| 13 | ਕਿਰਿਆਂ | 8 |
| 14 | ਕਾਲ | 9 |
| 15 | ਵਿਸੇਸਣ | 10 |
| 16 | ਕਿਰਿਆਂ ਵਿਸ਼ੇਸਣ | 12 |
| 17 | ਸੰਬੰਧਕ | 14 |
| 18 | ਯੋਜਕ | 15 |
| 19 | ਵਿਸਮਿਕ | 15 |
| 20 | ਵਾਕ ਬੋਧ | 16 |
| 21 | ਲਿੰਗ | 17 |
| 22 | ਕਾਰਕ | 18 |
| 23 | ਵਿਸਰਾਮ ਚਿੰਨ | 19 |
| 24 | ਮੁਹਾਵਰੇ ਤੇ ਅਖਾਣ | 21 |
| 25 | ਅਗੇਤਰ - ਪਿਛੇਤਰ | 24 |
| 26 | ਕਰਤਰੀ ਵਾਚਕ ਤੇ ਕਰਮਣੀ ਵਾਚਕ | 25 |
| 27 | ਪੰਜਾਬ ਦੇ ਪੁਰਾਣੇ ਪੇਪਰ ਦੀ ਗਰਾਮਰ | 26-50 |
| 28 | | |

| | | |
|---|---|---|
| 29 | ASSITANT MANGER DEPUTY DISTRIC MANAGER | 26 |
| 30 | MANGER HR | 27 |
| 31 | DEPUTY DISTRICT MANAGER | 28 |
| 32 | PUNJAB COPERATIVE BANK | 29 |
| 33 | SENIOR AUDITOR | 30 |
| 34 | INSPECTOR GRADE | 31 |
| 35 | DEPUTY GENERAL MANGER FINACE | 32 |
| 36 | FIELD OFFICER | 33 |
| 37 | FIELD OFFICER | 34 |
| 38 | MANGER IT | 35 |
| 39 | SENIOR ASSISTANT | 36 |
| 40 | ASSISTANT MANGER ACCOUNT | 37 |
| 41 | SENIOR ASSISTANT | 38 |
| 42 | PUNSUP SENIOR ASSISTANT | 41 |
| 43 | PUNSUP PROGRAMER MANAGER | 42 |
| 44 | PUDA SENIOR ASSITANT | 43 |
| 45 | PUNSHUP SENIOR ASSITANT | 44 |
| 46 | PUNSHUP DISTRIC MANGER | 45 |
| 47 | FINACE ACCOUNTANT | 46 |
| 48 | FIELD OFFICER | 47 |
| 49 | PUDA CLERK | 48 |
| 50 | PUNJAB DISTRIC MANGER | 49 |
| 51 | TECHNICAL DEPT. | 50 |
| 52 | GRAMMER MCQ QUESTIONS | 52-77 |
| | | |
| | | |
| | | |

# ਪੰਜਾਬੀ ਵਿਆਕਰਨ

ਕਿਸੇ ਬੋਲੀ ਜਾਂ ਭਾਸ਼ਾ ਨੂੰ ਸ਼ੁਧ ਰੂਪ ਵਿੱਚ ਲਿਖਣ ਜਾਂ ਬੋਲਣ ਲਈ ਜਿਨ੍ਹਾਂ ਨਿਯਮਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਨੂੰ ਵਿਆਕਰਨ ਕਿਹਾ ਜਾਂਦਾ ਹੈ।

## ਵਿਆਰਕਨ ਦੇ ਮੁੱਖ ਤੌਰ 'ਤੇ ਚਾਰ ਭਾਗ ਹਨ:

1.ਧੁਨੀ-ਬੋਧ, ਅੱਖਰ-ਬੋਧ ਜਾਂ ਵਰਨ-ਬੋਧ

2. ਸ਼ਬਦ-ਬੋਧ

3. ਅਰਥ-ਬੋਧ

4. ਵਾਕ-ਬੋਧ

### 1. ਧੁਨੀ-ਬੋਧ, ਅੱਖਰ-ਬੋਧ ਜਾਂ ਵਰਨ-ਬੋਧ

ਭਾਸ਼ਾ ਦੀ ਸਭ ਤੋਂ ਛੋਟੀ ਇਕਾਈ ਧੁਨੀ ਹੈ।

ਪੰਜਾਬੀ ਭਾਸ਼ਾ ਬੋਲਣ ਵੇਲੇ ਮੂੰਹ ਵਿੱਚੋਂ ਜਿਹੜੀਆਂ ਆਵਾਜ਼ਾਂ ਨਿਕਲਦੀਆਂ ਹਨ, ਉਹ ਪੰਜਾਬੀ ਦੀਆਂ ਧੁਨੀਆਂ ਹਨ।

### 2. ਸ਼ਬਦ-ਬੋਧ

ਧੁਨੀਆਂ ਜਾਂ ਵਰਨਾਂ ਦੇ ਸੁਮੇਲ ਤੋਂ ਸ਼ਬਦ ਬਣਦਾ ਹੈ। ਧੁਨੀ ਦਾ ਲਿਖਤੀ ਚਿੰਨ੍ਹ ਅੱਖਰ ਹੁੰਦਾ ਹੈ। ਉਹ ਬੋਧ ਜਿਸ ਰਾਹੀਂ ਅੱਖਰਾਂ ਦੀ ਸਹੀ ਵਰਤੋਂ ਦਾ ਪਤਾ ਲੱਗੇ ਉਸ ਨੂੰ ਸ਼ਬਦ-ਬੋਧ ਕਿਹਾ ਜਾਂਦਾ ਹੈ।

### 3. ਅਰਥ-ਬੋਧ

ਅਰਥ-ਬੋਧ ਤੋਂ ਭਾਵ ਹੈ ਅਰਥਾਂ ਦੇ ਪੱਖ ਤੋਂ ਸਬਦ ਦੀ ਵਿਆਖਿਆ। ਇਸ ਵਿੱਚ ਬਹੁਅਰਥਕ ਸ਼ਬਦ, ਸਮਾਨਾਰਥਕ ਸ਼ਬਦ, ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਅਤੇ ਵਿਰੋਧਾਰਥਕ ਸ਼ਬਦਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

### 4. ਵਾਕ-ਬੋਧ

ਵਿਆਰਕਨ ਦੇ ਇਸ ਭਾਗ ਵਿੱਚ ਵਾਕ-ਰਚਨਾ ਦੇ ਨਿਯਮਾਂ ਬਾਰੇ ਅਤੇ ਵਾਕਾਂ ਸੰਬੰਧੀ ਵਿਚਾਰ ਕੀਤੀ ਜਾਂਦੀ ਹੈ।

## ਭਾਸ਼ਾ ਜਾਂ ਬੋਲੀ

ਭਾਸ਼ਾ ਜਾਂ ਬੋਲੀ ਇੱਕ ਅਜਿਹਾ ਸਾਧਨ ਹੈ ਜਿਸ ਰਾਹੀਂ ਮਨੁੱਖ ਆਪਣੇ ਵਿਚਾਰਾਂ ਜਾਂ ਮਨੋਭਾਵਾਂ ਨੂੰ ਦੂਸਰੇ ਮਨੁਖਾਂ ਨਾਲ ਸਾਂਝਾ ਕਰਦਾ ਹੈ।

**ਭਾਸ਼ਾ ਦੋ ਪ੍ਰਕਾਰ ਦੀ ਹੁੰਦੀ ਹੈ:**

1. ਆਮ ਬੋਲ-ਚਾਲ ਦੀ ਭਾਸ਼ਾ

2. ਸਾਹਿਤਿਕ ਜਾਂ ਟਕਸਾਲੀ ਭਾਸ਼ਾ

## ਲਿਪੀ

ਭਾਸ਼ਾ ਜਾਂ ਬੋਲੀ ਨੂੰ ਲਿਖਤੀ ਰੂਪ ਵਿੱਚ ਪ੍ਰਗਟ ਕਰਨ ਲਈ ਜਿਹੜੇ ਅੱਖਰਾਂ ਅਤੇ ਚਿਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ ਉਹਨਾਂ ਦੇ ਸਮੂਹ ਨੂੰ ਲਿਪੀ ਕਹਿੰਦੇ ਹਨ।

-ਪੰਜਾਬੀ ਭਾਸ਼ਾ ਨੂੰ ਲਿਖਣ ਲਈ ਗੁਰਮੁਖੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ।

- ਹਿੰਦੀ ਭਾਸ਼ਾ ਦੀ ਲਿਪੀ ਦੇਵਨਾਗਰੀ ਅਤੇ ਅੰਗਰੇਜ਼ੀ ਭਾਸ਼ਾ ਦੀ ਲਿਪੀ ਰੋਮਨ ਹੈ।

## ਵਰਨਮਾਲਾ

ਗੁਰਮੁਖੀ ਅੱਖਰ ਜਦੋਂ ਨਿਸ਼ਚਿਤ ਤਰਤੀਬ ਵਿੱਚ ਰੱਖੇ ਜਾਂਦੇ ਹਨ ਤਾਂ ਉਸ ਨੂੰ ਗੁਰਮੁਖੀ ਵਰਨਮਾਲਾ ਕਿਹਾ ਜਾਂਦਾ ਹੈ। ਗੁਰਮੁਖੀ ਲਿਪੀ ਦੇ ਪਹਿਲਾਂ 35 ਅੱਖਰ ਸਨ। ਇਸੇ ਕਰਕੇ ਇਸ ਨੂੰ 'ਪੈਂਤੀ ਅੱਖਰੀ' ਵੀ ਕਿਹਾ ਜਾਂਦਾ ਸੀ। ਅਰਬੀ ਅਤੇ ਫ਼ਾਰਸੀ ਧੁਨੀਆਂ ਨੂੰ ਅੰਕਿਤ ਕਰਨ ਲਈ ਪੰਜ ਅੱਖਰਾਂ ਸ ਖ ਗ ਜ ਫ ਦੇ ਪੈਰਾਂ ਵਿੱਚ ਬਿੰਦੀ ਦੀ ਵਰਤੋਂ ਕਰਕੇ ਸ਼ ਖ਼ ਗ਼ ਜ਼ ਫ਼ ਅੱਖਰ ਬਣਾ ਲਏ ਗਏ। ਇਸ ਪ੍ਰਕਾਰ ਗੁਰਮੁਖੀ ਵਰਨ-ਮਾਲਾ ਵਿੱਚ ਅੱਖਰਾਂ ਦੀ ਗਿਣਤੀ 40 ਹੋ ਗਈ। ਪੰਜਾਬੀ ਵਿਭਾਗ, ਪਟਿਆਲਾ ਵਲੋਂ ਫਿਰ ਹੋਰ ਧੁਨੀ ਦੀ ਪਛਾਣ ਕੀਤੀ ਗਈ। ਲ ਅੱਖਰ ਦੇ ਪੈਰ ਵਿੱਚ ਬਿੰਦੀ ਲਾ ਕੇ ਲ਼ ਅੱਖਰ ਬਣਾ ਲਿਆ ਗਿਆ। ਇਹ ਤਾਲਵੀ ਧੁਨੀ ਨੂੰ ਪ੍ਰਗਟ ਕਰਦਾ ਹੈ। ਇਸ ਤਰ੍ਹਾਂ ਪੰਜਾਬੀ ਵਰਨ-ਮਾਲਾ ਦੀ ਗਿਣਤੀ 41 ਹੋ ਗਈ ਹੈ।

**ਧੁਨੀਆਂ ਦੀਆਂ ਦੋ ਕਿਸਮਾਂ ਹਨ:**

1. ਸ੍ਵਰ 2. ਵਿਅੰਜਨ

## ਸ੍ਵਰ

ਸ੍ਵਰ ਉਹ ਧੁਨੀਆਂ ਹਨ, ਜਿਨ੍ਹਾਂ ਨੂੰ ਬੋਲਣ ਸਮੇਂ ਉਚਾਰਨ ਅੰਗ ਕੋਈ ਰੁਕਾਵਟ ਨਹੀਂ ਪਾਉਂਦੇ। ਆਵਾਜ਼ ਮੂੰਹ ਵਿੱਚੋਂ ਬੇਰੋਕ ਬਾਹਰ ਨਿਕਲਦੀ ਹੈ। ੳ, ਅ, ੲ ਤਿੰਨ ਸ੍ਵਰ ਅੱਖਰ ਹਨ ਪਰ ਉਚਾਰਨ ਪੱਖੋਂ ਸ੍ਵਰ-ਧੁਨੀਆਂ ਦਸ ਹਨ। ਇਹ ਧੁਨੀਆਂ ਹਨ:

**ਅ ਆ ਇ ਈ ਉ ਊ ਏ ਐ ਓ ਔ**

## ਵਿਅੰਜਨ

ਵਿਅੰਜਨ ਉਹ ਧੁਨੀਆਂ ਹਨ, ਜਿਨ੍ਹਾਂ ਨੂੰ ਬੋਲਣ ਸਮੇਂ ਉਚਾਰਨ ਅੰਗ ਥੋੜ੍ਹੀ-ਬਹੁਤ ਰੁਕਾਵਟ ਪਾਉਂਦੇ ਹਨ। ਇਹਨਾਂ ਨੂੰ ਬੋਲਣ ਸਮੇਂ ਜੀਭ ਕਦੇ ਤਾਲੂ ਨਾਲ ਅਤੇ ਕਦੇ ਦੰਦਾਂ ਦੇ ਅੰਦਰਲੇ ਪਾਸੇ ਛੂੰਹਦੀ ਹੈ ਅਤੇ ਕਈ ਵਾਰੀ ਬੁੱਲ੍ਹ ਥੋੜ੍ਹੀ ਦੇਰ ਲਈ ਮੀਟੇ ਜਾਂਦੇ ਹਨ। ਪੰਜਾਬੀ ਵਰਨਮਾਲਾ ਵਿੱਚ ਸ ਤੋਂ ਲ਼ ਤੱਕ 38 ਵਿਅੰਜਨ ਅੱਖਰ ਹਨ।

## ਅਨੁਨਾਸਿਕੀ ਵਿਅੰਜਨ

ਅਨੁਨਾਸਿਕੀ ਵਿਅੰਜਨ ਉਹ ਧੁਨੀਆਂ ਹਨ ਜਿਨ੍ਹਾਂ ਦੇ ਉਚਾਰਨ ਸਮੇਂ ਕੁਝ ਅਵਾਜ਼ ਨੱਕ ਵਿੱਚੋਂ ਨਿਕਲਦੀ ਹੈ। ਗੁਰਮੁਖੀ ਲਿਪੀ ਵਿੱਚ ਅਨੁਨਾਸਿਕੀ ਧੁਨੀਆਂ ਨੂੰ ਅੰਕਿਤ ਕਰਨ ਲਈ ਪੰਜ ਅੱਖਰ ਇਹ ਹਨ:

ਙ ਞ ਣ ਨ ਮ

**ਨੋਟ:** ਅਜੋਕੀ ਪੰਜਾਬੀ ਭਾਸ਼ਾ ਵਿੱਚ ਙ, ਞ, ਣ, ੜ ਅਤੇ ਲ਼ ਧੁਨੀਆਂ ਨਾਲ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ।

## ਦੁੱਤ ਅੱਖਰ

ਉਹ ਅੱਖਰ ਜਿਹੜਾ ਦੋ ਅੱਖਰਾਂ ਦੇ ਮੇਲ਼ ਤੋਂ ਬਣੇ ਉਸ ਨੂੰ ਦੁੱਤ ਅੱਖਰ ਕਿਹਾ ਜਾਂਦਾ ਹੈ। ਇਸ ਵਿੱਚ ਇੱਕ ਅੱਖਰ ਦੂਜੇ ਅੱਖਰ ਦੇ ਪੈਰ ਵਿੱਚ ਲਿਖਿਆ ਜਾਂਦਾ ਹੈ ਅਤੇ ਦੋਵੇਂ ਮਿਲ ਕੇ ਇੱਕ ਆਵਾਜ਼ ਪੈਦਾ ਕਰਦੇ ਹਨ। ਗੁਰਮੁਖੀ ਲਿਪੀ ਵਿੱਚ ਕੇਵਲ ਤਿੰਨ ਅੱਖਰਾਂ ਦੀ ਵਰਤੋਂ ਅੱਖਰ ਦੇ ਪੈਰ ਵਿੱਚ ਕੀਤੀ ਜਾਂਦੀ ਹੈ। ਉਹ ਹਨ:

ਹ ਰ ਵ

ਹ – ਪੜ੍ਹਾਈ, ਜੜ੍ਹ, ਜਿਨ੍ਹਾਂ

ਰ – ਪ੍ਰਗਟ, ਪ੍ਰਸ਼ਨ, ਪ੍ਰਾਰਥਨਾ, ਪ੍ਰੋਫੈਸ਼ਰ

ਵ – ਸ੍ਵੈਜੀਵਨੀ, ਸ੍ਵੈਮਾਣ, ਸ੍ਵੈਵਿਸ਼ਵਾਸ

## ਲਗਾਂ

ਲਗਾਂ ਸ੍ਵਰ-ਧੁਨੀਆਂ ਨੂੰ ਅੰਕਿਤ ਕਰਨ ਵਾਲੇ ਲਿਪੀ-ਚਿੰਨ੍ਹ ਹਨ। ਪੰਜਾਬੀ ਤੋਂ ਬਣਦੇ ਸ਼ਬਦਾਂ ਨੂੰ ਅੰਕਿਤ ਕਰਨ ਲਈ ਗੁਰਮੁਖੀ ਅੱਖਰ ਨਾਲ ਕੁੱਝ ਲਗਾਂ ਲੱਗਦੀਆਂ ਹਨ। ਅੱਖਰਾਂ ਬਿਨਾਂ ਲਗਾਂ ਦਾ ਕੋਈ ਮਹੱਤਵ ਨਹੀਂ ਹੈ। ਗੁਰਮੁਖੀ ਲਿਪੀ ਦੀਆਂ ਦਸ ਲਗਾਂ ਹਨ:

### ਲਗਾਂ

| ਕ੍ਰਮ ਨੰ: | ਨਾਂ | ਚਿੰਨ੍ਹ | | ਉਦਾਹਰਨ |
|---|---|---|---|---|
| 1 | ਮੁਕਤਾ | ਕੋਈ ਚਿਨ੍ਹ ਨਹੀਂ | ਸ | ਸਰਦ, ਸਬਰ, ਸਤਰ |
| 2 | ਕੰਨਾ | | ਸਾ | ਸਾਲ, ਸਾਬ, ਸਾਫ਼ |
| 3 | ਸਿਹਾਰੀ | | ਸਿ | ਸਿਰ, ਸਿੱਕਾ, ਸਿੱਟਾ |
| 4 | ਬਿਹਾਰੀ | | ਸੀ | ਸੀਮਾ, ਸੀਲ, ਸੀਸ |
| 5 | ਔਂਕੜ | | ਸੁ | ਹੁਣ, ਸੁਣ, ਸੁਰ |
| 6 | ਦੁਲੈਂਕੜ | | ਸੂ | ਸੂਰਮਾ, ਸੂਤ, ਸੂਚੀ |
| 7 | ਲਾਂ | | ਸੇ | ਕੇਲਾ, ਸੇਕ, ਸ਼ੇਰ |
| 8 | ਦੁਲਾਵਾਂ | | ਸੈ | ਸੈਰ, ਸੈਨਾ, ਸੈਨਤ |
| 9 | ਹੋੜਾ | | ਸੋ | ਸੋਹਣਾ, ਸੋਚ, ਸੋਨਾ |
| 10 | ਕਨੋੜਾ | | ਸੌ | ਸੌ, ਸੌਖਾ, ਸੌੜਾ |

## ਲਗਾਖਰ

ਲਗਾਂ ਦਾ ਸੰਬੰਧ ਅੱਖਰਾਂ ਨਾਲ ਹੁੰਦਾ ਹੈ। ਅੱਖਰ ਅਤੇ ਲਗ ਦੇ ਮੇਲ ਤੋਂ ਬਾਹਰ ਬਣਦਾ ਹੈ। ਲਗਾਖਰ ਉਹ ਚਿੰਨ੍ਹ ਹਨ, ਜਿਹੜੇ ਲਗਾਂ ਦੇ ਨਾਲ ਵਰਤੇ ਜਾਂਦੇ ਹਨ। ਗੁਰਮੁਖੀ ਲਿਪੀ ਵਿੱਚ ਤਿੰਨ ਲਗਾਖਰ ਹਨ: ਬਿੰਦੀ, ਟਿੱਪੀ ਅਤੇ ਅਧਕ।

| ਕ੍ਰਮ ਨੰ: | ਲਗਾਖਰ ਦਾ ਨਾਂ | ਰੂਪ (ਚਿੰਨ੍ਹ) | ਉਦਾਹਰਨਾਂ |
|---|---|---|---|
| 1. | ਬਿੰਦੀ | | ਗੇਂਦ, ਗਾਂ, ਨੀਂਦ |
| 2. | ਟਿੱਪੀ | | ਸੰਘ,ਸੰਦ, ਚੰਦ |
| 3. | ਅਧਕ | | ਸੱਚ, ਪੱਤਾ, ਮੱਕੀ |

## ਸ਼ਬਦ-ਬੋਧ

ਧੁਨੀਆਂ, ਲੜਕਾਂ ਅਤੇ ਲਗਾਖਰਾਂ ਦੇ ਸੁਮੇਲ ਤੋਂ ਸਬਦ ਬਣਦਾ ਹੈ, ਜਿਵੇਂ: ਕ, ਲ ਅਤੇ ਮ ਦੇ ਮੇਲ ਤੋਂ ਕਲਮ ਬਣਦਾ ਹੈ। ਅੱਖਰਾਂ ਦੇ ਉਸ ਇਕੱਠ ਨੂ ਸਬਦ ਆਖਦੇ ਹਨ, ਜਿਸ ਰਾਹੀਂ ਕਿਸੇ ਮਨੁੱਖ, ਵਸਤੂ ਜਾਂ ਭਾਵ ਦਾ ਅਰਥ ਪ੍ਰਗਟ ਹੋਵੇ। ਮੂਲ ਰੂਪ ਵਿੱਚ ਅਰਥ ਪੱਖੋਂ ਸ਼ਬਦ ਦੋ ਪ੍ਰਕਾਰ ਦੇ ਹੁੰਦੇ ਹਨ:

1) **ਸਾਰਥਕ ਸ਼ਬਦ** :- ਉਹ ਸ਼ਬਦ ਹਨ, ਜਿਨ੍ਹਾਂ ਦਾ ਕੋਈ ਅਰਥ ਹੁੰਦਾ ਹੈ ਅਤੇ ਜਿਨ੍ਹਾਂ ਸ਼ਬਦਾਂ ਰਾਹੀਂ ਕਿਸੇ ਮਨੁੱਖ, ਵਸਤੂ ਜਾਂ ਕੰਮ ਵੱਲ ਸੰਕੇਤ ਕੀਤਾ ਗਿਆ ਹੁੰਦਾ ਹੈ।

2) **ਨਿਰਥਾਕ ਸ਼ਬਦ** :- ਉਹ ਸ਼ਬਦ ਹਨ, ਜਿਨ੍ਹਾਂ ਦਾ ਆਪਣਾ ਕੋਈ ਅਰਥ ਨਹੀਂ ਹੁੰਦਾ ਪਰੰਤੂ ਸਾਰਥਕ ਸ਼ਬਦਾਂ ਦੇ ਨਾਲ ਆ ਕੇ ਉਹਨਾਂ ਦੇ ਅਰਥਾਂ ਦਾ ਵਿਸਤਾਰ ਕਰਦੇ ਹਨ, ਜਿਵੇਂ: ਪਾਣੀ-ਧਾਣੀ, ਰੋਟੀ-ਰਾਟੀ, ਕੱਪੜਾ-ਕੁੱਪੜਾ ਆਦਿ। ਇਸ ਵਿੱਚ ਪਾਣੀ, ਰੋਟੀ ਅਤੇ ਕੱਪੜਾ ਸਾਰਥਕ ਸ਼ਬਦ ਹਨ ਅਤੇ ਧਾਣੀ, ਰਾਟੀ ਅਤੇ ਕੁੱਪੜਾ ਨਿਰਾਥਕ ਸ਼ਬਦ ਹਨ। ਨਿਰਾਥਕ ਸ਼ਬਦ ਆਮ ਬੋਲ-ਚਾਲ ਦੀ ਭਾਸ਼ਾ ਦੇ ਸ਼ਬਦ ਹਨ।

ਸਾਰਥਕ ਸ਼ਬਦ ਦੇ ਪ੍ਰਯੋਗ ਦੇ ਆਧਾਰ 'ਤੇ ਅੱਠ ਪ੍ਰਕਾਰ ਹੁੰਦੇ ਹਨ-

**1. ਨਾਂਵ** **2.ਪੜਨਾਂਵ** **3. ਵਿਸ਼ੇਸ਼ਣ** **4. ਕਿਰਿਆ**

**5. ਕਿਰਿਆ-ਵਿਸ਼ੇਸ਼ਣ** **6. ਸੰਬੰਧਕ** **7. ਯੋਜਕ** **8. ਵਿਸਮਕ**

## ਨਾਂਵ

ਕੱਲ੍ਹ ਪੰਦਰਾਂ ਅਗਸਤ ਹੈ। ਕੱਲ੍ਹ ਨੂੰ ਸਾਡੇ ਸਕੂਲ ਵਿੱਚ ਤਿਰੰਗਾ ਲਹਿਰਾਇਆ ਜਾਵੇਗਾ। ਪੰਜਾਬ ਦੇ ਮੁੱਖ ਮੰਤਰੀ ਜਾਂ ਝੰਡਾ ਲਹਿਰਾਉਣਗੇ। ਇਸ ਤੋਂ ਬਾਅਦ ਗੀਤ-ਸੰਗੀਤ ਹੋਵੇਗਾ। ਅਖੀਰ ਵਿੱਚ ਮੁੱਖ ਮਹਿਮਾਨ ਜੀ ਵਿਦਿਆਰਥੀਆਂ ਨੂੰ ਇਨਾਮ ਵੰਡਣਗੇ, ਬੜਾ ਖੁਸ਼ੀਆਂ ਵਾਲਾ ਮਾਹੌਲ ਹੋਵੇਗਾ।

ਉਪਰੋਕਤ ਪੈਰੇ ਵਿੱਚ ਗੂੜ੍ਹੇ ਛਪੇ ਸ਼ਬਦ 'ਨਾਂਵ' ਹਨ।

ਜਿਹੜੇ ਸ਼ਬਦ ਕਿਸੇ ਵਿਅਕਤੀ, ਵਸਤੂ, ਸਥਾਨ, ਹਾਲਾਤ, ਗੁਣ, ਭਾਵ ਆਦਿ ਦਾ ਬੋਧ ਕਰਾਉਣ ਉਹਨਾਂ ਨੂੰ ਨਾਂਵ ਕਿਹਾ ਜਾਂਦਾ ਹੈ, ਜਿਵੇਂ- ਗੀਤਾ, ਸੈਨਾ, ਜਲੰਧਰ, ਪਹਾੜ, ਖੁਸ਼ੀ ਆਦਿ।

## ਨਾਂਵ ਪੰਜ ਪ੍ਰਕਾਰ ਦੇ ਹਨ:-

1. ਆਮ ਨਾਂਵ ਜਾਂ ਜਾਤੀ ਵਾਚਕ ਨਾਂਵ

2. ਖ਼ਾਸ ਨਾਂਵ ਜਾਂ ਨਿੱਜ ਵਾਚਕ ਨਾਂਵ

3. ਵਸਤੂ ਵਾਚਕ ਨਾਂਵ

4. ਇੱਕਠ ਵਾਚਕ ਨਾਂਵ

5. ਭਾਵਵਾਚਕ ਨਾਂਵ

### 1. ਆਮ ਨਾਂਵ

ਜਿਹੜੇ ਸ਼ਬਦ ਕਿਸੇ ਵਸਤੂ, ਜੀਵ ਜਾਂ ਸਥਾਨ ਦੀ ਪੂਰੀ ਜਾਤੀ ਜਾਂ ਸ਼੍ਰੇਣਾ ਦਾ ਬੋਧ ਕਰਾਉਣ ਉਹਨਾਂ ਨੂੰ ਆਮ ਨਾਂਵ ਜਾਂ ਜਾਤੀ ਵਾਚਕ ਨਾਂਵ ਕਿਹਾ ਜਾਂਦਾ ਹੈ, ਜਿਵੇਂ:- ਪੁਸਤਕ, ਮੇਜ, ਕੁਰਸੀ, ਟੇਬਲ ਆਦਿ।

### 2. ਖ਼ਾਸ ਨਾਂਵ

ਜਿਹੜੇ ਸ਼ਬਦ ਤੋਂ ਕਿਸੇ ਖਾਸ਼ ਵਿਅਕਤੀ, ਜੀਵ, ਖ਼ਾਸ ਵਸਤੂ, ਖ਼ਾਸ ਸਥਾਨ ਦੇ ਨਾਂ ਦਾ ਬੋਧ ਹੁੰਦਾ ਹੈ। ਉਸ ਨੂੰ ਖ਼ਾਸ ਨਾਂਵ ਕਿਹਾ ਜਾਂਦਾ ਹੈ, ਜਿਵੇਂ- ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਹਿਮਾਲਿਆਂ, ਗੰਗਾ ਨਦੀ ਸਤਲੁਜ, ਬਿਆਸ, ਰਾਵੀ ਆਦਿ।

### 3. ਵਸਤੂ ਵਾਚਕ ਨਾਂਵ

ਜਿਹੜੇ ਸ਼ਬਦ ਤੋਂ ਤੋਲਣ, ਮਿਣਨ ਜਾਂ ਮਾਪੀਆਂ, ਜਾਣ ਵਾਲੀਆਂ, ਵਸਤੂਆਂ ਦੇ ਨਾਂ ਦਾ ਬੋਧ ਹੋਵੇ, ਉਸ ਨੂੰ ਵਸਤੂ ਵਾਚਕ ਨਾਂਵ ਕਹਿੰਦੇ ਹਨ, ਜਿਵੇਂ:- ਸੋਨਾ, ਚਾਂਦੀ, ਤੇਲ, ਕੱਪੜਾ, ਪੱਗ ਆਦਿ।

### 4. ਇੱਕਠ ਵਾਚਕ ਨਾਂਵ

ਜਿਹੜੇ ਸ਼ਬਦ ਵਿਅਕਤੀਆਂ ਜਾਂ ਜੀਵਾਂ ਜਾਂ ਗਿਣੀਆਂ ਜਾਣ ਵਾਲੀਆਂ ਵਸਤੂਆਂ ਦੇ ਸਮੂਹ ਦਾ ਗਿਆਨ ਕਰਵਾਉਣ ਉਹਨਾਂ ਨੂੰ ਇੱਕਠ ਵਾਚਕ ਨਾਂਵ ਕਹਿੰਦੇ ਹਨ, ਜਿਵੇਂ:- ਫੌਜ, ਇੱਜੜ, ਜਮਾਤ, ਸਭਾ ਆਦਿ।

### 5. ਭਾਵਵਾਚਕ ਨਾਂਵ -

ਜਿਹੜੇ ਸ਼ਬਦ ਤੋਂ ਕਿਸੇ ਭਾਵ, ਗੁਣ ਜਾਂ ਹਾਲਤ, ਦਾ ਗਿਆਨ ਹੋਵੇ ਉਸ ਨੂੰ ਭਾਵਵਾਚਕ ਨਾਂਵ ਕਿਹਾ ਜਾਂਦਾ ਹੈ, ਜਿਵੇਂ :- ਖੁਸ਼ੀ, ਗ਼ਮੀ, ਸਚਾਈ, ਉਦਾਸੀ ਆਦਿ।

## ਪੜਨਾਂਵ

ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆ ਜਾਵੇ, ਉਸ ਨੂੰ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ- ਮੈਂ, ਅਸੀਂ, ਤੁਸੀਂ, ਉਹ।

### ਪੜਨਾਂਵ ਦੀਆਂ ਕਿਸਮਾ

1. ਪੁਰਖ-ਵਾਚਕ ਪੜਨਾਂਵ

2. ਨਿੱਜ-ਵਾਚਕ ਪੜਨਾਂਵ

3. ਨਿਸਚੇਵਾਚਕ ਪੜਨਾਂਵ

4. ਅਨਿਸਚੇਵਾਚਕ ਪੜਨਾਂਵ

5. ਸੰਬੰਧ-ਵਾਚਕ ਪੜਨਾਂਵ

6. ਪ੍ਰਸ਼ਨ-ਵਾਚਕ ਪੜਨਾਂਵ

### 1. ਪੁਰਖ-ਵਾਚਕ ਪੜਨਾਂਵ

ਜਿਹੜੇ ਸ਼ਬਦ ਅਸੀਂ ਆਪਣੇ ਜਾਂ ਦੂਜੇ ਪੁਰਖਾਂ ਦੇ ਨਾਂ ਦੀ ਥਾਂ 'ਤੇ ਵਰਤਦੇ ਹਾਂ, ਉਹਨਾਂ ਨੂੰ ਪਰਖ-ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ- ਮੈਂ, ਤੁਸੀਂ, ਉਹ ਆਦਿ।

ਪੁਰਖ-ਵਾਚਕ ਪੜਨਾਂਵ ਤਿੰਨ ਪ੍ਰਕਾਰ ਦੇ ਹੁੰਦੇ ਹਨ:-

1) ਉੱਤਮ ਪੁਰਖ ਜਾਂ ਪਹਿਲਾ ਪੁਰਖ

2) ਮੱਧਮ ਪੁਰਖ ਜਾਂ ਦੂਜਾ ਪੁਰਖ

3) ਅਨਯ ਪੁਰਖ ਜਾਂ ਤੀਜਾ ਪੁਰਖ

1) **ਉੱਤਮ ਪੁਰਖ ਜਾਂ ਪਹਿਲਾ ਪੁਰਖ** : ਜਿਹੜਾ ਪੁਰਖ ਗੱਲ ਕਰਦਾ ਹੈ, ਉਸ ਨੂੰ ਉੱਤਮ ਪੁਰਖ ਜਾਂ ਪਹਿਲਾ ਪੁਰਖ ਕਿਹਾ ਜਾਂਦਾ ਹੈ, ਜਿਵੇਂ:- ਮੈਂ, ਮੈਨੂੰ, ਅਸੀਂ, ਸਾਡਾ ਆਦਿ।

2) **ਮੱਧਮ ਪੁਰਖ** : ਜਿਸ ਪੁਰਖ ਨਾਲ ਗੱਲ ਕੀਤੀ ਜਾਵੇ ਉਸ ਨੂੰ ਮੱਧਮ ਪੁਰਖ ਜਾਂ ਦੂਜਾ ਪੁਰਖ ਕਿਹਾ ਜਾਂਦਾ ਹੈ, ਜਿਵੇ:- ਤੂੰ, ਤੁਸੀ, ਤੇਰਾ, ਤੁਹਾਡਾ ਆਦਿ।

3) **ਅਨਯ ਪੁਰਖ ਜਾਂ ਤੀਜਾ ਪੁਰਖ** : ਜਿਹੜੇ ਪੁਰਖ ਦੇ ਬਾਰੇ ਗੱਲ ਕੀਤੀ ਜਾਵੇ ਉਸ ਨੂੰ ਅਨਯ ਪੁਰਖ ਜਾਂ ਤੀਜਾ ਪੁਰਖ ਕਿਹਾ ਜਾਂਦਾ ਹੈ, ਜਿਵੇਂ :- ਉਹ, ਉਹਨਾਂ ਆਦਿ।

## 2. ਨਿੱਜ-ਵਾਚਕ ਪੜਨਾਂਵ

ਜਿਹੜਾ ਸ਼ਬਦ ਕਰਤਾ ਦੇ ਨਾਲ ਆ ਕੇ ਉਸ ਵਾਕ ਦੇ ਕਰਤਾ ਦੀ ਥਾਂ ਵਰਤਿਆ ਜਾਵੇ, ਉਸ ਨੂੰ ਨਿੱਜ-ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ :-

a) ਮੈਂ ਆਪ ਉਸ ਨੂੰ ਸਮਝਾਇਆ।

b) ਮੁੰਡੇ ਆਪਸ ਵਿੱਚ ਲੜਦੇ ਹਨ।

c) ਅਸੀਂ ਆਪ ਆਪਣੇ ਹੱਥੀਂ ਕੰਮ ਕੀਤਾ।

ਇਹਨਾਂ ਵਾਕਾਂ ਵਿਚ ਮੈਂ, ਆਪਮ, ਆਪ ਨਿੱਜ-ਵਾਚਕ ਪੜਨਾਂਵ ਹਨ।

## 3. ਨਿਸਚੇਵਾਚਕ ਪੜਨਾਂਵ

ਜਿਹੜੇ ਪੜਨਾਂਵ ਕਿਸੇ ਦੂਰ ਜਾਂ ਨੇੜੇ ਦੀ ਦਿਸਦੀ ਚੀਜ਼ ਵੱਲ ਇਸਾਰਾ ਕਰਕੇ ਉਸ ਦੇ ਨਾਂ ਦੀ ਥਾਂ ਉੱਤੇ ਵਰਤੇ ਜਾਣ ਉਸ ਨੂੰ ਨਿਸ਼ਚੇਵਾਚਕ ਪੜਨਾਂਵ ਕਹਿੰਦੇ ਹਨ, ਜਿਵੇਂ:-

a) ਅਹੁ ਕਿ ਹੈ

b) ਇਹ ਬੜਾ ਸੁਹਣਾ ਚਿਤਰ ਹੈ।

ਇਹਨਾਂ ਵਾਕਾਂ ਵਿੱਚ 'ਅਹੁ' ਅਤੇ 'ਇਹ' ਨਿਸਚੇਵਾਚਕ ਪੜਨਾਂਵ ਹਨ।

## 4. ਅਨਿਸਚੇਵਾਚਕ ਪੜਨਾਂਵ

ਜਿਹੜੇ ਪੜਨਾਂਵ ਸਬਦਾਂ ਤੋਂ ਕਿਸੇ ਵਿਅਕਤੀ, ਸਥਾਨ, ਵਸਤੂ ਆਦਿ ਦਾ ਸਪਸ਼ਟ ਜਾਂ ਨਿਸਚੇ ਪੂਰਵਕ ਗਿਆਨ ਨਾ ਹੋਵੇ, ਉਹਨਾਂ ਨੂੰ ਅਨਿਸਚੇਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇ-

a) ਕੋਈ ਗੀਤ ਗਾ ਰਿਹਾ ਹੈ।

b) ਇੱਥੇ ਕਈ ਆਉਂਦੇ ਹਨ।

ਵਾਕਾਂ ਵਿਚ ਕੋਈ ਤੇ ਕਈ ਅਨਿਸ਼ਚੇਵਾਚਕ ਪੜਨਾਂਵ ਹਨ।

## 5. ਸੰਬੰਧ-ਵਾਚਕ ਪੜਨਾਂਵ

ਜਿਹੜਾ ਸ਼ਬਦ ਨਾਂਵ ਸ਼ਬਦ ਦੀ ਥਾਂ ਵਰਤਿਆ ਜਾਵੇ ਤੇ ਯੋਜਕ ਵਾਂਗ ਦੋ ਵਾਕਾਂ ਨੂੰ ਆਪਸ ਵਿੱਚ ਜੋੜੇ, ਉਸ ਨੂੰ ਸੰਬੰਧ ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ:

a) ਉਹ ਲੋਕ ਜੋ ਦੂਜਿਆਂ ਲਈ ਟੋਆ ਪੁਟਦੇ ਹਨ, ਆਪ ਉਸ ਵਿਚ ਡਿਗਦੇ ਹਨ।

b) ਅਪਰਾਧੀ ਜਿਸ ਨੇ ਚੋਰੀ ਕੀਤੀ, ਫੜਿਆ ਗਿਆ।

'ਜੋ' ਅਤੇ 'ਜਿਸ' ਨੇ ਸੰਬੰਧ-ਵਾਚਕ ਪੜਨਾਂਵ ਹਨ।

6. **ਪ੍ਰਸ਼ਨ-ਵਾਚਕ ਪੜਨਾਂਵ**

ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆਂ ਜਾਵੇ ਪਰ ਨਾਲ ਹੀ ਉਸ ਦੁਆਰਾ ਕੋਈ ਪੁੱਛ ਗਿੱਛ ਕੀਤੀ ਜਾਵੇ ਉਸ ਨੂੰ ਪ੍ਰਸ਼ਨ ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ :-

a) ਕੌਣ ਬੋਲ ਰਿਹਾ ਹੈ?

b) ਕਿਹੜਾ ਸ਼ੋਰ ਪਾ ਰਿਹਾ ਹੈ?

c) ਕਿਹੜਾ ਸ਼ੋਰ ਪਾ ਰਿਹਾ ਹੈ?

ਕੌਣ, ਕਿਸ ਨੇ, ਕਿਹੜਾ ਸ਼ਬਦ ਪ੍ਰਸ਼ਨ-ਵਾਚਕ ਪੜਨਾਂਵ ਹਨ ।

## ਕਿਰਿਆ

ਉਹ ਸ਼ਬਦ ਜਿਹੜਾ ਕਿਸੇ ਕੰਮ ਦਾ ਕਰਨਾ ਜਾਂ ਕੰਮ ਦਾ ਹੋਣਾ, ਕਾਲ ਸਮੇਤ ਪ੍ਰਗਟ ਕਰੇ ਉਸ ਨੂੰ ਕਿਰਿਆ ਕਿਹਾ ਜਾਂਦਾ ਹੈ। ਪੜ੍ਹਨਾ, ਲਿਖਣਾ, ਹੱਸਣਾ, ਰੋਣਾ, ਲੜਨਾ, ਖੇਡਣਾ ਆਦਿ ਕਿਰਿਆ ਹੈ।

a) ਜੋ ਕੰਮ ਕਰਦਾ ਹੈ, ਕਰਤਾ ਅਖਵਾਉਂਦਾ ਹੈ।

b) ਕਿਰਿਆ ਦਾ ਪ੍ਰਭਾਵ ਜਿਸ ਉੱਤੇ ਪੈਂਦਾ ਹੈ, ਉਹ ਕਰਮ ਹੁੰਦਾ ਹੈ।

ਕਰਮ ਕਰਕੇ ਕਿਰਿਆ ਤਿੰਨ ਪ੍ਰਕਾਰ ਦੀ ਹੁੰਦੀ ਹੈ।

1) ਆਕਰਮਕ ਕਿਰਿਆ

2) ਸਕਰਮਕ ਕਿਰਿਆ

3) ਮੁੱਖ ਕਿਰਿਆ

1) **ਅਕਰਮਕ ਕਿਰਿਆ**

ਜਿਸ ਵਾਕ ਵਿੱਚ ਕੇਵਲ ਕਰਤਾ ਹੀ ਹੋਵੇ, ਕਰਮ ਨਾ ਹੋਵੇ, ਉਸ ਨੂੰ ਅਕਰਮਕ ਕਿਰਿਆ ਕਿਹਾ ਜਾਂਦਾ ਹੈ,

ਉਦਾਹਰਨ :

a) ਵਰਖਾ ਪੈ ਰਹੀ ਹੈ।

b) ਸੂਰਜ ਨਿਕਲ ਆਇਆ ਹੈ।

c) ਮੁੰਡਾ ਹੱਸਦਾ ਹੈ।

d) ਕੁੜੀ ਗਾਉਂਦੀ ਹੈ।

ਉਪਰੋਕਤ ਵਾਕਾਂ ਵਿੱਚ ਵਰਖਾ, ਸੂਰਜ, ਮੁੰਡਾ, ਕੁੜੀ ਕਰਤਾ ਹਨ। 'ਰਹੀ ਹੈ', ਨਿਕਲ ਆਇਆ 'ਹੱਸਦਾ ਹੈ' 'ਗਾਉਂਦੀ ਹੈ' ਅਕਰਮਕ ਕਿਰਿਆਵਾਂ ਹਨ।

2) <u>ਸਕਰਮਕ ਕਿਰਿਆ</u>

ਜਿਹੜੇ ਵਾਕ ਵਿੱਚ ਕਿਰਿਆ ਦਾ ਕਰਤਾ ਤੇ ਕਰਮ ਦੋਵੇਂ ਹੋਣ, ਉਹ ਨੂੰ ਸਕਰਮਕ ਕਿਰਿਆ ਕਿਹਾ ਜਾਂਦਾ ਹੈ, ਉਦਾਹਰਨ :

a) ਮੈਂ ਰੋਟੀ ਖਾ ਰਹੀ ਹਾਂ।

b) ਬੱਚੇ ਫੁਟਬਾਲ ਖੇਡ ਰਹੇ ਹਨ।

ਉਪਰੋਕਤ ਵਾਕਾਂ ਵਿੱਚ 'ਮੈਂ'ਅਤੇ 'ਬੱਚੇ' ਕਰਤਾ ਹਨ।

'ਰੋਟੀ', 'ਫੁਟਬਾਲ' ਕਰਮ ਹਨ। ਇਸ ਲਈ 'ਰਿਹਾ ਹਾਂ' 'ਰਹੇ ਹਨ' ਸਕਰਮਕ ਕਿਰਿਆਵਾਂ ਹਨ।

**3)** <u>ਮੁੱਖ ਕਿਰਿਆ</u>

ਮੁੱਖ ਕਿਰਿਆ ਸਹਾਇਕ ਕਿਰਿਆ ਤੋਂ ਬਿਨਾਂ ਵੀ ਹੋ ਸਕਦੀ ਹੈ ਤੇ ਸਹਾਇਕ ਕਿਰਿਆ ਦੇ ਨਾਲ ਵੀ


ਜਿਵੇ- ਮੈ ਸਭ ਕਿਤਾਬਾਂ ਰੱਖਦਾ ਹਾਂ। ਮੁੱਖ ਕਿਰਿਆ ਹੈ।

## <u>ਕਾਲ ਤਿੰਨ ਹਨ :-</u>

1. ਭੂਤ-ਕਾਲ

2.ਵਰਤਮਾਨ ਕਾਲ

3. ਭਵਿਖਤ ਕਾਲ



# ਵਿਸ਼ੇਸ਼ਣ

ਜਦੋਂ ਅਸੀਂ ਕਿਸੇ ਜੀਵ, ਜਗ੍ਹਾ ਜਾਂ ਵਸਤੂ ਦਾ ਗੁਣ, ਔਗੁਣ, ਰੰਗ, ਆਕਾਰ ਆਦਿ ਦਾ ਜ਼ਿਕਰ ਕਰਦੇ ਹਾਂ ਤਾਂ ਉਹ ਵਸਤੂ ਉਹ ਜਿਹੀਆਂ ਦੂਜੀਆਂ ਵਸਤੂਆਂ ਤੋਂ ਵਿਸ਼ੇਸ਼ ਬਣ ਜਾਂਦੀ ਹੈ।

ਜਿਹੜੇ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ-ਸ਼ਬਦ ਨਾਲ ਆ ਕੇ ਉਸ ਦੀ ਵਿਸ਼ੇਸ਼ਤਾ ਪ੍ਰਗਟ ਕਰਨ ਤੇ ਉਹਨਾਂ ਨੂੰ ਆਮ ਤੋਂ ਖ਼ਾਸ ਬਣਾਉਣ ਉਹਨਾਂ ਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ।

ਜਿਵੇਂ- a) ਸਿਆਣਾ ਆਦਮੀ

b) ਬੁੱਧੀਮਾਨ ਕੁੜੀ

ਇਹਨਾਂ ਵਾਕਾਂ ਵਿੱਚ ਬੁੱਧੀਮਾਨ, ਸਿਆਣਾ, ਵਿਸ਼ੇਸ਼ਣ-ਸ਼ਬਦ ਹਨ।

ਜਿਵੇਂ :- a) ਸਾਲਿਨੀ ਬੁੱਧੀਮਾਨ ਹੈ।

**ਵਿਸ਼ੇਸ਼ਣ ਪੰਜ ਪ੍ਰਕਾਰ ਦੇ ਹੁੰਦੇ ਹਨ।**

1. ਗੁਣਵਾਚਕ ਵਿਸ਼ੇਸ਼ਣ
2. ਸੰਖਿਆਵਾਚਕ ਵਿਸ਼ੇਸ਼ਣ
3. ਪਰਿਮਾਣਵਾਚਕ ਵਿਸ਼ੇਸ਼ਣ
4. ਨਿਸ਼ਚੇਵਾਚਕ ਵਿਸ਼ੇਸ਼ਣ
5. ਪੜਨਾਂਵੀ ਵਿਸ਼ੇਸ਼ਣ

1.- **ਗੁਣਵਾਚਕ ਵਿਸ਼ੇਸ਼ਣ :**

ਜਿਹੜਾ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਸ਼ਬਦ ਦੇ ਨਾਲ ਆ ਕੇ ਉਸ ਦਾ ਗੁਣ-ਔਗੁਣ ਆਦਿ ਪ੍ਰਗਟ ਕਰੇ, ਉਸ ਨੂੰ ਗੁਣਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ :-

a) ਪਤਲੀ ਕੁੜੀ

b) ਸੁੰਦਰ ਕੁੜੀ

c) ਉੱਚੀ ਪਦਵੀ

ਉਪਰੋਕਤ ਵਾਕ ਵਿੱਚ 'ਪਤਲੀ', 'ਸੁੰਦਰ', 'ਉੱਚੀ' ਗੁਣਵਾਚਕ ਵਿਸ਼ੇਸ਼ਣ ਹਨ।

**2.ਸੰਖਿਆਵਾਚਕ ਵਿਸ਼ੇਸ਼ਣ**

ਜਿਹੜੇ ਸ਼ਬਦ ਤੋਂ ਨਾਂਵ ਜਾਂ ਪੜਨਾਂਵ ਦੀ ਸੰਖਿਆ, ਭਾਰ, ਗਿਣਤੀ ਦਾ ਗਿਆਨ ਹੋਵੇ ਉਸ ਨੂੰ ਸੰਖਿਆਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ,

ਜਿਵੇਂ :-

a) ਮੇਰੇ ਕੋਲ ਪੰਜਾਹ ਰੁਪਏ ਹਨ।

b) ਸੀਤਾ ਕੋਲ ਸੱਤ ਕਿਤਾਬਾਂ ਹਨ।

ਉਪਰੋਕਤ ਵਾਕਾਂ ਵਿੱਚ ਸੱਤ ਪੰਜਾਹ ਸੰਖਿਆਵਾਚਕ ਵਿਸ਼ੇਸ਼ਣ ਹਨ।

**3. ਪਰਿਮਾਣਵਾਚਕ ਵਿਸ਼ੇਸ਼ਣ**

ਜਿਹੜੇ ਸ਼ਬਦ ਤੋਂ ਨਾਂਵ ਜਾਂ ਪੜਨਾਂਵ ਦੀ ਮਿਣਤੀ, ਮਾਪ ਜਾਂ ਤੋਲ ਦਾ ਗਿਆਨ ਹੋਵੇ ਉਸ ਨੂੰ ਪਰਿਮਾਣਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ :-

a) ਉਸਦੇ ਕੋਲ ਬਹੁਤ ਧਨ ਹੈ।

b) ਥੋੜ੍ਹਾ ਕੰਮ ਬਾਕੀ ਹੈ।

ਉਪਰੋਕਤ ਵਾਕਾਂ ਵਿੱਚ ਬਹੁਤ ਥੋੜ੍ਹਾ ਪਰਿਮਾਣਵਾਚਕ ਵਿਸ਼ੇਸ਼ਣ ਹਨ।

**4. ਨਿਸਚੇਵਾਚਕ ਵਿਸ਼ੇਸ਼ਣ**

ਜਿਹੜੇ ਸ਼ਬਦ ਨਾਂਵ ਜਾਂ ਪੜਨਾਂਵ ਵੱਲ ਨਿਸਚੇ-ਪੂਰਵਕ ਸੰਕੇਤ ਕਰੇ ਤੇ ਉਸ ਨੂੰ ਆਮ ਤੋਂ ਵਿਸ਼ੇਸ਼ ਬਣਾਏ ਉਸ ਨੂੰ ਨਿਸਚੇਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ :-

a) ਅਹਿ ਕੁੜੀ ਕਿੰਨੀ ਸਮਝਦਾਰ ਹੈ।

b) ਅਹੁ ਫੁੱਲ ਕਿੰਨਾ ਸੋਹਣਾ ਹੈ।

ਉਪਰੋਕਤ ਵਾਕਾਂ ਵਿੱਚ ਅਹਿ ਅਤੇ ਅਹੁ ਨਿਸ਼ਚੇਵਾਚਕ ਵਿਸ਼ੇਸ਼ਣ ਹਨ।

**5. ਪੜਨਾਂਵੀ ਵਿਸ਼ੇਸ਼ਣ**

ਜਿਹੜਾ ਸ਼ਬਦ ਪੜਨਾਂਵ ਹੋਵੇ ਪਰ ਨਾਂਵ-ਸ਼ਬਦ ਨਾਲ ਲੱਗ ਕੇ ਵਿਸ਼ੇਸ਼ਣ ਦਾ ਕੰਮ ਕਰੇ, ਉਸ ਨੂੰ ਪੜਨਾਵੀਂ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ :-

a) ਮੇਰੀ ਕਿਤਾਬ ਕਿਸ ਕੋਲ ਹੈ?

ਉਪਰੋਕਤ ਵਾਕਾਂ ਵਿਚ ਮੇਰੀ ਪੜਨਾਵੀਂ ਵਿਸ਼ੇਸ਼ਣ ਹਨ।

## ਕਿਰਿਆ-ਵਿਸ਼ੇਸ਼ਣ

**ਪਰਿਭਾਸ਼ਾ** :

ਜਿਹੜਾ ਸ਼ਬਦ ਕਿਰਿਆ ਦੇ ਹੋਣ ਦਾ ਸਮਾਂ , ਸਥਾਨ, ਢੰਗ, ਤਰੀਕਾ ਆਦਿ ਦੱਸੇ ਉਸ ਨੂੰ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ।

ਕਿਰਿਆ – ਕੰਮ -ਕੰਮ ਦੀ ਵਿਸ਼ੇਸ਼ਤਾ

ਵਿਸ਼ੇਸ਼ਣ – ਵਿਸ਼ੇਸ਼ਤਾ

**ਰਾਮ ਗਾਉਂਦਾ ਹੈ** **ਰਾਮ ਸੁਰੀਲਾ ਗਾਉਂਦਾ ਹੈ**

ਉਪਰੋਕਤ ਦੋਹਾਂ ਕਿਸਮਾਂ ਦੇ ਵਾਕਾਂ ਵਿੱਚ ਕਾਫੀ ਭਿੰਨਤਾ ਹੈ। ਪਹਿਲੀ ਕਿਸਮ ਦੇ ਵਾਕ ਵਿੱਚ ਸਧਾਰਨ ਕਿਰਿਆ ਵਾਪਰਦੀ ਹੈ ਤੇ ਦੂਜੀ ਕਿਸਮ ਦੇ ਵਾਕ ਵਿੱਚ 'ਸੁਰੀਲਾ' ਸ਼ਬਦ ਦੇ ਲੱਗ ਜਾਣ ਨਾਲ ਕਿਰਿਆ ਸਧਾਰਨ ਤੋਂ ਵਿਸ਼ੇਸ਼ ਬਣ ਗਈ ਹੈ। ਇਸ ਲਈ ਇਹ ਸ਼ਬਦ ਕਿਰਿਆ-ਵਿਸ਼ੇਸ਼ਣ ਹਨ।

**ਕਿਰਿਆ-ਵਿਸ਼ੇਸ਼ਣ ਅੱਠ ਪ੍ਰਕਾਰ ਦੇ ਹਨ:**

1. ਕਾਲ-ਵਾਚਕ ਕਿਰਿਆ-ਵਿਸ਼ੇਸ਼ਣ
2. ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ
3. ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ
4. ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ
5. ਪਰਿਮਾਣ-ਵਾਚਕ ਕਿਰਿਆ-ਵਿਸ਼ੇਸ਼ਣ
6. ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ

7. ਨਿਰਨਾ-ਵਾਚਕ ਕਿਰਿਆ-ਵਿਸ਼ੇਸ਼ਣ

8. ਨਿਸਚੇ-ਵਾਚਕ ਕਿਰਿਆ-ਵਿਸ਼ੇਸ਼ਣ

**1. ਕਾਲ-ਵਾਚਕ ਕਿਰਿਆ-ਵਿਸ਼ੇਸ਼ਣ**

ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੇ ਹੋਣ ਦਾ ਸਮਾਂ ਪ੍ਰਗਟ ਹੁੰਦਾ ਹੈ ਉਹਨਾਂ ਨੂੰ ਕਾਲ-ਵਾਚਕ ਕਿਰਿਆ-ਵਿਸ਼ੇਸ਼ਣ ਆਖਦੇ ਹਨ, ਜਿਵੇਂ- ਹੁਣੇ, ਭਲਕੇ, ਰਾਤੋਂ-ਰਾਤ, ਹਰ ਰੋਜ਼, ਕਦੇ-ਕਦਾਈ।

**2. ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ**

ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੇ ਹੋਣ ਦਾ ਸਥਾਨ ਦਾ ਗਿਆਨ ਹੋਵੇ, ਉਹਨਾਂ ਨੂੰ ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ ਆਖਦੇ ਹਨ, ਜਿਵੇਂ :- ਘਰ, ਬਜ਼ਾਰ, ਇੱਧਰ, ਪਿੱਛੇ, ਸਾਹਮਣੇ, ਸੱਜਿਓ, ਖੱਬਿਓ।

**3. ਪ੍ਰਕਾਰ-ਵਾਚਕ ਕਿਰਿਆ ਵਿਸ਼ੇਸ਼ਣ**

ਜਿਨ੍ਹਾ ਸ਼ਬਦਾਂ ਤੋਂ ਕਿਰਿਆ ਦੇ ਹੋਣ ਦਾ ਢੰਗ ਜਾਂ ਪ੍ਰਕਾਰ ਦਾ ਗਿਆਨ ਹੋਵੇ, ਉਹਨਾਂ ਨੂੰ ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ- ਹੌਲ਼ੀ, ਛੇਤੀ, ਇਉਂ, ਉਸ ਤਰ੍ਹਾਂ।

**4. ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ**

ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੇ ਹੋਣ ਜਾਂ ਨਾ ਹੋਣ ਦੇ ਕਾਰਨ ਦਾ ਪਤਾ ਲੱਗੇ ਉਹਨਾਂ ਨੂੰ ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ- ਇਸ ਲਈ, ਕਿਉਂਕ, ਤਦੇ, ਤਾਂ ਹੀ।

**5. ਪਰਿਮਾਣ-ਵਾਚਕ ਕਿਰਿਆ-ਵਿਸ਼ੇਸ਼ਣ**

ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੀ ਮਿਣਤੀ, ਮਿਕਦਾਰ ਜਾਂ ਪਰਿਮਾਣ ਦਾ ਬੋਧ ਹੋਵੇ ਉਹਨਾਂ ਨੂੰ ਪਰਿਮਾਣ-ਵਾਚਕ ਕਿਰਿਆਂ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ- ਜ਼ਰਾ, ਬਹੁਤ, ਏਨਾ, ਜਿੰਨਾ, ਰਤਾ ਕੁ।

**6. ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ**

ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੀ ਗਿਣਤੀ ਜਾਂ ਦੁਹਰਾਅ ਦਾ ਪਤਾ ਲੱਗੇ ਉਹਨਾਂ ਨੂੰ ਸੰਖਿਆ ਵਾਚਕ ਕਿਰਿਆ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ- ਘੜੀ-ਮੁੜੀ, ਦੁਬਾਰਾ, ਕਈ ਵਾਰ, ਇੱਕ-ਇੱਕ, ਦੋ-ਦੋ।

**7. ਨਿਰਨਾ-ਵਾਚਕ ਕਿਰਿਆ-ਵਿਸ਼ੇਸ਼ਣ**

ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੇ ਹੋਣ ਜਾਂ ਨਾ ਹੋਣ ਦਾ ਨਿਰਨੇ-ਪੂਰਵਕ ਗਿਆਨ ਹੋਵੇ, ਉਹਨਾਂ ਨੂੰ ਨਿਰਨੇ-ਵਾਚਕ ਕਿਰਿਆ-ਵਿਸ਼ੇਸ਼ਣ ਆਖਦੇ ਹਨ, ਜਿਵੇਂ- ਜੀ ਹਾਂ, ਆਹੋ ਜੀ, ਚੰਗਾ ਜੀ।

**8. ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ**

ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਬਾਰੇ ਨਿਸਚੇ ਜਾਂ ਵਿਸ਼ਵਾਸ ਦੇ ਭਾਵ ਪ੍ਰਗਟ ਹੋਣ, ਉਹਨਾਂ ਨੂੰ ਨਿਸਚੇ-ਵਾਚਕ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ- ਬੇਸ਼ੱਕ, ਬਿਲਕੁਲ, ਜ਼ਰੂਰ।

## ਸੰਬੰਧਕ

ਜਿਹੜੇ ਸ਼ਬਦ ਵਾਕ ਵਿੱਚ ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ ਸ਼ਬਦਾਂ ਦਾ ਵਾਕ ਦੇ ਦੂਸਰੇ ਸ਼ਬਦਾਂ ਨਾਲ ਸੰਬੰਧ ਪ੍ਰਗਟ ਕਰਨ, ਉਹਨਾਂ ਨੂੰ ਸੰਬੰਧਕ ਕਿਹਾ ਜਾਂਦਾ ਹੈ।

1. ਇਹ ਪੈਂਨ ਰਾਮ ਦਾ ਹੈ।
2. ਯੋਨੇ ਦੀ ਮੱਝ ਕਾਲੇ ਰੰਗ ਦੀ ਹੈ।
3. ਗਾਇਤਰੀ ਕੋਲ ਇੱਕ ਕੈਮਰਾ ਹੈ।
4. ਗੀਤਾ ਦੇ ਵਾਲ ਬਹੁਤ ਲੰਮੇ ਹਨ।

'ਦਾ', 'ਦੀ', 'ਕੋਲ', ਦੇ ਸ਼ਬਦ ਸੰਬੰਧਕ ਹਨ। ਇਸੇ ਤਰ੍ਹਾਂ ਕੁਝ ਸੰਬੰਧਕ ਸ਼ਬਦ ਹਨ:

ਨਾਲ, ਤੋਂ, ਥੋਂ, ਉੱਪਰ, ਤੱਕ, ਤੋੜੀ, ਤਾਈਂ, ਵਿੱਚ, ਹੇਠਾਂ, ਨੇੜੇ, ਕੋਲ, ਸਹਿਤ, ਪਾਸ, ਦੂਰ, ਸਾਮ੍ਹਣੇ, ਪਰੇ, ਬਿਨਾਂ, ਲਈ, ਵੱਲ, ਰਾਹੀਂ, ਦੁਆਰਾ।

ਜੇ ਸੰਬੰਧਕ ਨਾ ਹੋਣ ਤਾਂ ਵਾਕਾਂ ਦਾ ਕੋਈ ਅਰਥ ਹੀ ਨਹੀਂ ਰਹਿ ਜਾਂਦਾ, ਜਿਵੇਂ- 'ਇਹ ਪੈਨ ਰਾਮ ਦਾ ਹੈ' ਦੀ ਥਾਂ 'ਇਹ ਪੈਨ ਰਾਮ ਹੈ'।

ਸੰਬੰਧਕ ਦੋ ਪ੍ਰਕਾਰ ਦੇ ਹੁੰਦੇ ਹਨ.

1. **ਪੂਰਨ ਸੰਬੰਧਕ** :- ਜਿਹੜੇ ਸ਼ਬਦ ਇਕੱਲੇ ਹੀ ਸੰਬੰਧਕ ਦਾ ਕੰਮ ਕਰਨ, ਉਹਨਾਂ ਨੂੰ ਪੂਰਨ ਸੰਬੰਧਕ ਕਿਹਾ ਜਾਂਦਾ ਹੈ

ਜਿਵੇਂ :- a) ਉਸ ਦਾ ਬੈਟ ਵਧੀਆ ਹੈ।

b) ਕੱਲ੍ਹ ਰਾਮ ਦਾ ਮੈਚ ਹੈ।

ਉਪਰੋਕਤ ਵਾਕਾਂ ਵਿੱਚ 'ਦਾ' ਅਤੇ 'ਨਾਲ' ਸੰਬੰਧਕ ਸ਼ਬਦ ਹਨ।

2. **ਅਪੂਰਨ ਸ਼ਬਦ** :- ਜਿਹੜੇ ਸ਼ਬਦ ਇਕਲੇ ਸੰਬੰਧਕ ਦਾ ਕੰਮ ਨਾ ਕਰ ਸਕਣ ਅਤੇ ਉਹ ਪੂਰਨ ਸੰਬੰਧਕ ਨਾਲ ਮਿਲ ਕੇ ਸੰਬੰਧਕ ਬਣਨ, ਉਹਨਾਂ ਨੂੰ ਅਪੂਰਨ ਸੰਬੰਧਕ ਕਿਹਾ ਜਾਂਦਾ ਹੈ। ਜਿਵੇਂ-

a) ਮੇਰਾ ਘਰ ਰਾਜੂ ਦੇ ਘਰ ਲਾਗੇ ਹੈ।

b) ਤੁਹਾਡੇ ਸੀਟ ਮੇਰੇ ਤੋਂ ਪਰੇ ਹੈ।

ਉਪਰੋਕਤ ਵਾਕਾਂ ਵਿੱਚ 'ਲਾਗੇ' ਤੇ 'ਪਰੇ' ਸ਼ਬਦ ਅਪੂਰਨ ਸੰਬੰਧਕ ਹਨ

## ਯੋਜਕ

ਯੋਜਕ ਦੋ ਪ੍ਰਕਾਰ ਦੇ ਹੁੰਦੇ ਹਨ:

1. **ਸਮਾਨ-ਯੋਜਕ :**

ਜਿਹੜੇ ਸ਼ਬਦ ਸਮਾਨ ਜਾਂ ਬਰਾਬਰ ਦੇ ਸ਼ਬਦਾਂ, ਵਾਕਾਂਸ਼ਾਂ ਜਾਂ ਵਾਕਾਂ ਨੂੰ ਜੋੜਨ, ਉਹਨਾਂ ਨੂੰ ਸਮਾਨ ਯੋਜਕ ਕਿਹਾ ਜਾਂਦਾ ਹੈ, ਜਿਵੇਂ :- ਰਾਮ ਅਤੇ ਸ਼ਾਮ ਦੋਨੋ ਭਰਾ ਹਨ।

ਚਾਹ ਵੀ ਪੀਓ ਤੇ ਰੋਟੀ ਵੀ ਖਾਓ।

ਉਪਰੋਕਤ ਵਾਕਾਂ ਵਿੱਚ 'ਅਤੇ', 'ਤੇ' ਸਮਾਨ-ਯੋਜਕ ਹਨ।

2. **ਅਧੀਨ-ਯੋਜਕ :**

ਜਿਹੜੇ ਸ਼ਬਦ ਇੱਕ ਪ੍ਰਧਾਨ ਉਪਵਾਕ ਨੂੰ ਅਧੀਨ ਉਪਵਾਕ ਜਾਂ ਉਪਵਾਕਾਂ ਨਾਲ ਜੋੜਨ ਉਹਨਾਂ ਨੂੰ ਅਧੀਨ-ਯੋਜਕ ਕਿਹਾ ਜਾਂਦਾ ਹੈ ਜਿਵੇਂ :-

ਭਾਵੇਂ ਉਹ ਗ਼ਰੀਬ ਹੈ ਫਿਰ ਵੀ ਇਮਾਨਦਾਰ ਹੈ।

ਮੈਂ ਜਾਣਦਾ ਹਾਂ ਕਿ ਤੂੰ ਕਿੰਨੇ ਕੁ ਪਾਣੀ ਵਿੱਚ ਹੈ।

ਉਪਰੋਕਤ ਵਾਕਾਂ ਵਿੱਚ 'ਫਿਰ ਵੀ', 'ਕਿ' ਆਦਿ ਸ਼ਬਦ ਅਧੀਕ ਯੋਜਕ ਹਨ।

## ਵਿਸਮਕ

ਜਿਨ੍ਹਾਂ ਸ਼ਬਦਾਂ ਦੁਆਰਾ ਖ਼ੁਸ਼ੀ, ਗ਼ਮੀ, ਹੈਰਾਨੀ, ਡਰ, ਪ੍ਰਸੰਸਾ ਆਦਿ ਦੇ ਭਾਵ ਪ੍ਰਗਟ ਹੋਣ, ਵਿਆਰਕਰਨ ਵਿੱਚ ਉਹਨਾਂ ਨੂੰ ਵਿਸਮਕ ਕਿਹਾ ਜਾਂਦਾ ਹੈ, ਜਿਵੇਂ :- ਹਾਏ! ਆਹਾ! ਉਹੋ! ਵਾਹ! ਹੈਂ! ।

**ਵਿਸਮਕ ਦੀਆਂ ਕਿਸਮਾ**

| **ਵਿਸਮਕ** |
| --- |

| | |
|---|---|
| 1. ਪ੍ਰਸੰਸਾ-ਵਾਚਕ ਵਿਸਮਕ | 6. ਸਤਿਕਾਰ-ਵਾਚਕ ਵਿਸਮਕ |
| 2. ਸ਼ੋਕ-ਵਾਚਕ ਵਿਸਮਕ | 7. ਫਿਟਕਾਰ-ਵਾਚਕ ਵਿਸਮਕ |
| 3. ਹੈਰਾਨੀ-ਵਾਚਕ ਵਿਸਮਕ | 8. ਅਸੀਸ-ਵਾਚਕ ਵਿਸਮਕ |
| 4.ਸੁਚਨਾ-ਵਾਚਕ ਵਿਸਮਕ | 9. ਇੱਛਾ-ਵਾਚਕ ਵਿਸਮਕ |
| 5. ਸੰਬੋਧਨੀ ਵਿਸਮਕ | |


## ਵਾਕ ਬੋਧ

ਵਾਕ ਬੋਧ ਵਿਆਕਰਨ ਦਾ ਉਹ ਭਾਗ ਹੈ ਜਿਸ ਵਿੱਚ ਬਣਤਰ ਦੇ ਨਿਯਮਾਂ, ਵਾਕਾਂ ਦੀ ਵੰਨਗੀ ਆਦਿ ਬਾਰੇ ਵਿਚਾਰ ਕੀਤੀ ਜਾਂਦੀ ਹੈ।

- ਧੁਨੀ ਭਾਸ਼ਾ ਦੀ ਸਭ ਤੋਂ ਛੋਟੀ ਇਕਾਈ ਹੈ।
- ਧੁਨੀਆਂ ਤੋਂ ਸਬਦ ਬਣਦੇ ਹਨ ਅਤੇ ਸ਼ਬਦਾਂ ਤੋਂ ਵਾਕ।
- ਭਾਸ਼ਾ ਦੀ ਸਭ ਤੋਂ ਵੱਡੀ ਇਕਾਈ ਵਾਕ ਹੈ।
- ਵਾਕ ਸ਼ਬਦਾਂ ਦੇ ਉਸ ਸਮੂਹ ਨੂੰ ਆਖਦੇ ਹਨ:

ਵਾਕ ਦੀ ਵੰਡ ਦੇ ਤਰ੍ਹਾਂ ਨਾਲ ਕੀਤੀ ਜਾਂਦੀ ਹੈ। ਪਹਿਲੀ ਪ੍ਰਕਾਰ ਦੀ ਵੰਡ ਬਣਤਰ ਪੱਖੋਂ ਇਸ ਤਰ੍ਹਾਂ ਹੈ:

Earn Money JOBS.com
GET DAILY EMPLOYMENT NEWS




### 1) **ਸਧਾਰਨ ਵਾਕ**

ਜਿਸ ਵਾਕ ਵਿੱਚ ਕੇਵਲ ਇੱਕ ਹੀ ਕਿਰਿਆ ਹੋਵੇ, ਉਸ ਨੂੰ ਸਧਾਰਨ ਵਾਕ ਆਖਿਆ ਜਾਂਦਾ ਹੈ।

ਉਦਾਹਰਨ- ਬੱਚਾ ਹੋ ਰਿਹਾ ਹੈ। ਲੜਕਾ ਖੇਡਦਾ ਹੈ।

**2) ਸੰਯੁਕਤ ਵਾਕ**

ਜਦੋਂ ਦੋ ਸਧਾਰਨ ਜਾਂ ਸਮਾਨ ਵਾਕਾਂ ਨੂੰ ਸਮਾਨ ਯੋਜਕਾਂ ਨਾਲ ਜੋੜ ਕੇ ਇੱਕ ਵਾਕ ਬਣਾਇਆ ਜਾਵੇ ਅਤੇ ਕੋਈ ਉਪਵਾਕ ਇੱਕ ਦੂਜੇ ਉੱਤੇ ਆਧਾਰਿਤ ਨਾ ਹੋਵੇ ਤਾਂ ਇਸ ਨਵੇਂ ਬਣੇ ਵਾਕ ਨੂੰ ਸੰਯੁਕਤ ਵਾਕ ਆਖਦੇ ਹਨ।

**ਉਦਾਹਰਨ**- ਮੋਹਨ ਨੇ ਗੀਤ ਗਾਇਆ ਅਤੇ ਸੋਹਨ ਨੇ ਕਵਿਤਾ ਪੜ੍ਹੀ।

ਮਾਤਾ ਖਾਣਾ ਪਕਾ ਰਹੀ ਹੈ ਪਰ ਬੱਚੇ ਖੇਡ ਰਹੇ ਹਨ।

**3) ਮਿਸਰਤ ਵਾਕ**

ਜਿਸ ਵਾਕ ਵਿੱਚ ਇੱਕ ਪ੍ਰਧਾਨ ਉਪਵਾਕ ਅਤੇ ਇੱਕ ਜਾਂ ਇੱਕ ਤੋਂ ਵੱਧ ਅਧੀਨ ਉਪਵਾਕ ਹੁੰਦੇ ਹਨ, ਉਸ ਨੂੰ ਮਿਸਰਤ ਵਾਕ ਆਖਦੇ ਹਨ।

a) ਰਾਜੂ ਖੁਸ਼ ਹੈ ਕਿਉਂਕਿ ਕਿ ਉਹ ਜਮਾਤ ਵਿੱਚ ਪਹਿਲੇ ਨੰਬਰ ‘ਤੇ ਆਇਆ ਹੈ।

b) ਭਾਰਤ ਦੀ ਹਾਕੀ ਟੀਮ ਖੁਸ਼ ਹੈ ਕਿਉਂਕਿ ਉਹਨਾਂ ਨੇ ਮੈਚ ਜਿੱਤ ਲਿਆ ਹੈ।

## ਪੰਜਾਬੀ ਵਿਆਕਰਨ

ਵਿਆਕਰਨ ਦੇ ਮੁੱਖ ਤੌਰ ‘ਤੇ ਚਾਰ ਭਾਗ ਹਨ :

ਧੁਨੀ-ਬੋਧ, ਅੱਖਰ-ਬੋਧ ਜਾਂ ਵਰਨ-ਬੋਧ

1. ਸ਼ਬਦ-ਬੋਧ
2. ਅਰਥ-ਬੋਧ
3. ਵਾਕ-ਬੋਧ

## ਲਿੰਗ

**ਲਿੰਗ:** ਜਿਹੜੇ ਸ਼ਬਦ ਪੁਰਸ਼-ਇਸਤਰੀ ਜਾਂ ਮਰਦਾਵੇਂ-ਜ਼ਨਾਨੇ ਜਾਂ ਨਰ-ਮਾਦਾ ਦੇ ਭੇਦ ਨੂੰ ਦੱਸਣ, ਉਨ੍ਹਾਂ ਨੂੰ ਲਿੰਗ ਕਿਹਾ ਜਾਂਦਾ ਹੈ। ਪੰਜਾਬੀ ਵਿੱਚ ਲਿੰਗ ਦੀਆਂ ਕੇਵਲ ਦੋ ਕਿਸਮਾਂ ਹਨ( ਅੰਗਰੇਜ਼ੀ ਵਿੱਚ ਚਾਰ ਹਨ):

1. ਪੁਲਿੰਗ : ਜਿਹੜੇ ਸ਼ਬਦ ਮਰਦਾਵੇਂ ਜਾਂ ਨਰਭੇਦ ਨੂੰ ਦੱਸਣ, ਉਨ੍ਹਾਂ ਨੂੰ ਪੁੱਲਿਗ ਕਿਹਾ ਜਾਂਦਾ ਹੈ।

ਜਿਵੇਂ: ਕਬੂਤਰ, ਝੋਟਾ, ਕਿਹੜਾ, ਸੋਹਣਾ, ਪਿਉ ਆਦਿ

2. ਇਸਤਰੀ-ਲਿੰਗ : ਜਿਹੜੇ ਸ਼ਬਦ ਜ਼ਨਾਨੇ ਜਾਂ ਮਾਦਾ-ਭੇਦ ਨੂੰ ਦੱਸਣ, ਉਨ੍ਹਾਂ ਨੂੰ ਇਸਤਰੀ ਲਿੰਗ ਕਿਹਾ ਜਾਂਦਾ ਹੈ।

ਜਿਵੇਂ: ਕਬੂਤਰੀ, ਝੋਟੀ, ਕਿਹੜੀ, ਸੋਹਣੀ, ਮਾਂ ਆਦਿ।

# ਕਾਰਕ

**ਕਾਰਕ**: ਕਿਸੇ ਵਾਕ ਵਿੱਚ ਨਾਂਵ ਜਾਂ ਪੜਨਾਂਵ ਦਾ ਹੋਰਨਾਂ ਸ਼ਬਦਾਂ (ਕਿਰਿਆ ਆਦਿ) ਨਾਲ ਸੰਬੰਧ ਪ੍ਰਗਟ ਕਰਨ ਵਾਲੇ ਰੂਪਾਂ ਨੂੰ 'ਕਾਰਕ' ਕਿਹਾ ਜਾਂਦਾ ਹੈ।

ਕਾਰਕ ਦੀਆਂ ਕਿਸਮਾਂ

**1. ਕਰਤਾ-ਕਾਰਕ-** ਕਿਸੇ ਵਾਕ ਵਿੱਚ ਕੰਮ ਕਰਨ ਵਾਲੇ ਨਾਂਵ ਜਾਂ ਪੜਨਾਂਵ ਨੂੰ ਕਰਤਾ ਕਾਰਕ ਕਿਹਾ ਜਾਂਦਾ ਹੈ।

ਜਿਵੇਂ: 1. ਸੁਰਿੰਦਰ ਸਬਕ ਪੜ੍ਹਦਾ ਹੈ।

2. ਉਸ ਨੇ ਸਬਕ ਪੜ੍ਹਿਆ।

**2. ਕਰਮ-ਕਾਰਕ:** ਜਦ ਕਿਸੇ ਵਾਕ ਦੀ ਕਿਰਿਆ ਦੇ ਕੰਮ ਦਾ ਪ੍ਰਭਾਵ ਕਰਤਾ ਤੋਂ ਛੁੱਟ ਦੂਜੇ ਨਾਂਵ ਜਾਂ ਪੜਨਾਂਵ 'ਤੇ ਪੈਂਦਾ ਹੈ ਤਾਂ ਉਹ ਨਾਂਵ ਜਾਂ ਪੜਨਾਂਵ ਕਰਮ-ਕਾਰਕ ਹੁੰਦਾ ਹੈ।

ਜਿਵੇਂ: 1. ਜਗਦੀਸ਼ ਨੇ ਦੁੱਧ ਪੀਤਾ।

2. ਉਸ ਨੇ ਰਾਜੂ ਨੂੰ ਦੁੱਧ ਪਿਆਇਆ।

**3. ਕਰਨ-ਕਾਰਕ:** ਵਾਕ ਵਿੱਚ ਜਿਸ ਨਾਂਵ ਜਾਂ ਪੜਨਾਂਵ ਦੁਆਰਾ ਕਿਰਿਆ ਦਾ ਕੰਮ ਕੀਤਾ ਜਾਏ, ਉਸ ਨੂੰ ਕਰਨ-ਕਾਰਕ ਕਿਹਾ ਜਾਂਦਾ ਹੈ।

ਜਿਵੇਂ: 1. ਸੁਰਿੰਦਰ ਨੇ ਸੱਪ ਨੂੰ ਡਾਂਗ ਨਾਲ ਮਾਰਿਆ।

2. ਸਵਿਟੀ ਨੇ ਸਹਿਲੀ ਰਾਹੀਂ ਚਿੱਠੀ ਭੇਜੀ।

**4. ਸੰਪਰਦਾਨ ਕਾਰਕ:** ਵਾਕ ਵਿੱਚ ਜਿਸ ਨਾਂਵ ਜਾਂ ਪੜਨਾਂਵ ਲਈ ਵਾਕ ਦਾ ਕਰਤਾ ਕੰਮ ਕਰਦਾ ਹੈ, ਉਸ ਨੂੰ 'ਸੰਪਰਦਾਨ-ਕਾਰਕ' ਕਿਹਾ ਜਾਂਦਾ ਹੈ।

ਜਿਵੇਂ: 1. ਪਿਤਾ ਨੇ ਬੱਚੇ ਲਈ ਮੁਸ਼ਕੱਤ ਕੀਤੀ।

2. ਪ੍ਰਿੰਸੀਪਲ ਰਾਮ ਸਿੰਘ ਨੇ ਕਾਲਜ ਵਾਸਤੇ ਦਿਨ-ਰਾਤ ਇੱਕ ਕੀਤਾ।

**5. ਅਪਾਦਾਨ-ਕਾਰਕ**: ਵਾਕ ਵਿਚ ਜਿਸ ਨਾਂਵ ਜਾਂ ਪੜਨਾਂਵ ਤੇ ਕਿਰਿਆ ਦਾ ਕੰਮ ਆਰੰਭ ਹੋਏ ਜਾਂ ਵੱਖ ਹੋਣ ਦਾ ਭਾਵ ਪ੍ਰਗਟ ਹੋਏ, ਉਸ ਨੂੰ ਅਪਾਦਨ ਕਾਰਕ ਕਿਹਾ ਜਾਂਦਾ ਹੈ।

ਜਿਵੇਂ: ਸੰਤੋਖ ਦਿਲੀਓਂ ਆਇਆ ਹੈ।

ਬਖ਼ਸ਼ੀਸ਼ ਪਾਸੋ ਪੈਸੇ ਲੈ ਲੈਣਾ।

**6. ਸੰਬੰਧ-ਕਾਰਕ:** ਵਾਕ ਵਿੱਚ ਜਦ ਕਿਸੇ ਨਾਂਵ ਜਾਂ ਪੜਨਾਂਵ ਦਾ ਕਿਸੇ ਦੂਜੇ ਨਾਂਵ ਜਾਂ ਪੜਨਾਂਵ ਉਤੇ ਮਾਲਕੀ ਦਾ ਸੰਬੰਧ ਦੱਸਿਆਂ ਜਾਵੇ ਤਾਂ ਉਸ ਨੂੰ ਸੰਬੰਧ-ਕਾਰਕ ਕਿਹਾ ਜਾਂਦਾ ਹੈ।

ਜਿਵੇਂ: 1. ਇਹ ਸੁਰਜੀਤ ਦੀ ਕੋਠੀ ਹੈ।

2. ਉਹ ਤੇਰਾ ਸਕੂਟਰ ਹੈ।

**7. ਅਧਿਕਰਨ ਕਾਰਕ:** ਵਾਕ ਵਿੱਚ ਕਿਰਿਆ ਦਾ ਕੰਮ ਜਿਸ ਨਾਂਵ ਜਾਂ ਪੜਨਾਂਵ ਦੇ ਆਸਰੇ ਜਾਂ ਜਿਸ ਥਾਂ ਹੋਏ, ਉਸ ਨੂੰ ਅਧਿਕਰਨ ਕਾਰਕ ਕਹਿੰਦੇ ਹਨ।

ਜਿਵੇਂ: 1. ਛੱਤ ਉੱਤੇ ਪੜ੍ਹੋ।

2. ਬਮਾਰੇ ਵਿੱਚ ਬੈਠੋ।

**8. ਸੰਬੋਧਨ ਕਾਰਕ:** ਜਿਸ ਵਾਕ ਵਿੱਚ ਨਾਂਵ ਜਾਂ ਪੜਨਾਂਵ ਨੂੰ ਸੰਬੋਧਨ ਕਰਨ ਲਈ ਵਰਤਿਆ ਜਾਏ, ਉਸ ਨੂੰ ਸੰਬੋਧਨੀ ਕਾਰਕ ਕਿਹਾ ਜਾਂਦਾ ਹੈ।

ਜਿਵੇਂ: 1. ਓਏ ਉੱਲੂਆ! ਸੋਚ ਸਮਝ ਕੇ ਗੱਲ ਕਰ।

2. ਨੀ ਬੰਤੋ! ਤੂੰ ਕਿਉਂ ਰੋਈ ਏ?

## ਵਿਸ਼ਰਾਮ-ਚਿੰਨ੍ਹ

**ਵਿਸ਼ਰਾਮ-ਚਿੰਨ੍ਹ:** ਵਿਸ਼ਰਾਮ ਚਿੰਨ੍ਹ ਤੋਂ ਭਾਵ ਵਿਸਰਾਮ ਜਾਂ ਠਹਿਰਾਉਣ ਨੂੰ ਪ੍ਰਗਟਾਉਣ ਵਾਲੇ ਉਹ ਚਿੰਨ੍ਹ ਹਨ ਜਿਹੜੇ ਲਿਖਤ ਵਿੱਚ ਵਿਭਿੰਨ ਠਹਿਰਾਵਾਂ ਲਈ ਵਰਤੇ ਜਾਂਦੇ ਹਨ। ਕੋਈ ਗੱਲ ਕਰਨ ਲੱਗਿਆ ਜਾਂ ਕਿਸੇ ਲਿਖਤ ਨੂੰ ਪੜ੍ਹਨ ਵੇਲੇ ਇਹ ਠਹਿਰਾਉ ਥੋੜ੍ਹੀ-ਥੋੜ੍ਹੀ ਦੇਰ ਬਾਅਦ ਆਉਂਦੇ ਹਨ: ਕਿਤੇ ਬਹੁਤੀ ਦੇਰ ਲਈ ਠਹਿਰਨਾ ਪੈਂਦਾ ਹੈ ਅਤੇ ਕਿਤੇ ਥੋੜ੍ਹੀ ਦੇਰ ਲਈ। ਇਹ ਠਹਿਰਾਉ ਬੋਲਣ ਲੱਗਿਆ ਤਾਂ ਸਹਿਜ-ਸੁਭਾਅ ਹੀ ਆ ਜਾਂਦੇ ਹਨ ਪਰ ਲਿਖਤ ਵਿੱਚ ਇਨ੍ਹਾਂ ਦੇ ਖ਼ਾਸ ਚਿੰਨ੍ਹ ਹੁੰਦੇ ਹਨ।

**ਵਿਸ਼ਰਾਮ ਚਿੰਨ੍ਹ :** ਪੰਜਾਬੀ ਵਿੱਚ ਹੇਠਾਂ ਦਿੱਤੇ ਵਿਸ਼ਰਾਮ ਚਿੰਨ੍ਹ ਵਰਤੇ ਜਾਂਦੇ ਹਨ:

| | | |
|---|---|---|
| 1. ਡੰਡੀ ਜਾਂ ਪੂਰਨ ਵਿਸ਼ਰਾਮ | = | । |
| 2. ਪ੍ਰਸ਼ਨ-ਚਿੰਨ੍ਹ | = | ? |
| 3.ਵਿਸ਼ਮਿਕ ਚਿੰਨ੍ਹ | = | ! |
| 4. ਕਾਮਾ | = | , |
| 5. ਅਰਧ ਵਿਸ਼ਰਾਮ | = | ; |
| 6. ਦੁਬਿੰਦੀ ਜਾਂ ਕੋਲਨ | = | : |
| 7. ਡੈਸ਼ | = | - |
| 8. ਦੁਬਿੰਦੀ ਡੈਸ਼ | = | :- |
| 9. ਪੁੱਠੇ ਕਾਮੇ | = | ‘ |
| 10. ਜੋੜਨੀ | = | - |

11. ਬ੍ਰੈਕਟ = () []

12. ਬਿੰਦੀ = .

1. **ਡਿੰਡੀ ਜਾਂ ਪੂਰਨ ਵਿਸ਼ਰਾਮ** : ਇਹ ਚਿੰਨ੍ਹ ਵਾਕ ਦੇ ਅੰਤ 'ਤੇ ਪੂਰਨ ਠਹਿਰਾਅ ਵਜੋਂ ਵਰਤਿਆ ਜਾਂਦਾ ਹੈ। ਇਹ ਇੱਕ ਵਾਕ ਨੂੰ ਦੂਜੇ ਨਾਲੋਂ ਨਿਖੇੜਦਾ ਹੈ।

2. **ਪ੍ਰਸ਼ਨ-ਚਿੰਨ੍ਹ:** ਇਹ ਚਿੰਨ੍ਹ ਦੀ ਵਾਕ ਦੇ ਮੁੱਕਣ 'ਤੇ ਪੂਰਨ ਠਹਿਰਾਅ ਵਜੋਂ ਵਰਤਿਆ ਜਾਂਦਾ ਹੈ ਪਰ ਇਸ ਵਿੱਚ ਕੋਈ ਪੁੱਛ-ਗਿੱਛ ਕੀਤੀ ਜਾਂਦੀ ਹੈ।

ਜਿਵੇਂ : ਕੌਣ ਸ਼ੋਰ ਮਚਾ ਰਿਹਾ ਹੈ?

3. **ਵਿਸਮਿਕ ਚਿੰਨ੍ਹ**: ਇਹ ਚਿੰਨ੍ਹ ਹੇਠਾ ਦੱਸੀਆਂ ਥਾਵਾਂ 'ਤੇ ਵਰਤਿਆ ਜਾਂਦਾ ਹੈ।

a) ਜਦ ਕਿਸੇ ਨੂੰ ਸੰਬੋਧਨ ਕਰਨਾ ਹੋਏ ਜਿਵੇ : ਨੀ ਝਲੀਏ! ਸ਼ਰਮ ਕਰ!

4. **ਕਾਮਾ**: ਇਹ ਚਿੰਨ੍ਹ ਥੋੜੇ ਜਿਹੇ ਠਹਿਰਾਅ ਲਈ ਵਰਤਿਆ ਜਾਂਦਾ ਹੈ। ਇਸ ਦੀ ਸ਼ੁੱਧ ਵਰਤੋਂ ਲਈ ਹੇਠਾਂ ਦਿੱਤੀਆਂ ਗੱਲਾਂ ਨੂੰ ਧਿਆਨ ਵਿੱਚ ਰਖਣਾ ਚਾਹੀਦਾ।

ਠੱਗ, ਚੋਰ, ਬਦਮਾਸ਼ ਤੇ ਸਮਗਲਰ ਪੁਲਿਸ ਦੀਆਂ ਕੁੱਟਾਂ ਖਾਂਦੇ ਹਨ।

5. **ਬਿੰਦੀ ਵਾਲਾ ਕਾਮਾਂ ਜਾਂ ਅਰਧ- ਵਿਸ਼ਰਾਮ** : ਜਦ ਕਿਸੇ ਵਾਕ ਵਿੱਚ ਠਹਿਰਾਅ ਪੂਰਨ ਵਿਸ਼ਰਾਮ ਨਾਲੋਂ ਘੱਟ ਤੇ ਕਾਮੇ ਦੇ ਠਹਿਰਾਅ ਨਾਲੋਂ ਵੱਧ ਹੋਏ ਤਾਂ ਬਿੰਦੀ ਵਾਲਾ ਕਾਮਾ ਅਥਵਾ ਅਰਧ-ਵਿਸ਼ਰਾਮ ਵਰਤਿਆ ਜਾਂਦਾ ਹੈ। ਇਸ ਦੀ ਵਰਤੋਂ ਹੇਠਾਂ ਕਈ ਥਾਵਾਂ ਕੀਤੀ ਜਾਂਦੀ ਹੈ।

ਜਿਵੇਂ : ਪਰਮਾਤਮਾ ਬੇਅੰਤ ਹੈ, ਉਹ ਨਿਰਗੁਣ ਵੀ ਹੈ ਤੇ ਸਰਗੁਣ ਵੀ

6. **ਦਬਿੰਦੀ** : ਜਦ ਕਿਸੇ ਵਾਕ ਵਿਚ ਦੋ ਹਿੱਸੇ ਹੋਣ ; ਪਹਿਲਾ ਹਿੱਸਾ ਆਪਣੇ ਆਪ ਵਿੱਚੇ ਅਰਥਾ ਵਿੱਚੋਂ ਪੂਰਾ ਹੋਵੇ ਤਾਂ ਦੂਜੇ ਵਿੱਚ ਵਾਕ ਵਿੱਚ ਪਹਿਲੇ ਦੀ ਵਿਆਖਿਆ ਕਰੇ ਤਾਂ ਉਨ੍ਹਾਂ ਨੂੰ ਲਿਖਣ ਲਈ ਪਹਿਲੇ ਹਿੱਸੇ ਦੇ ਅੰਤ ਵਿੱਚ ਦੁਬਿੰਦੀ ਲਾਈ ਜਾਂਦੀ ਹੈ।

ਜਿਵੇਂ : ਕੁਲਜਗ ਹੈ;

ਕਲਜੁਗ ਵਿੱਚ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ: ਧੁੰਦ ਮਿਟ ਗਈ ਅਤੇ ਜਗ ਵਿੱਚ ਚਾਨਣ ਦਾ ਪਸਾਰਾ ਹੋਇਆ।

7. **ਦਬਿੰਦੀ-ਡੈਸ਼:**

ਜਦ ਕੁਝ ਚੀਜ਼ਾਂ ਦਾ ਵੇਰਵਾ ਦੇਣਾ ਹੋਵੇ ਤਾਂ ਉਸ ਨੂੰ ਪਹਿਲਾਂ ਦੁਬਿੰਦੀ-ਡੈਸ਼ ਵਰਤੀ ਜਾਂਦੀ ਹੈ।

ਜਿਵੇਂ : ਮਾਤਾ ਜੀ, ਮੈਨੂੰ ਹੇਠ ਲਿਖੀਆਂ ਚੀਜ਼ਾਂ ਛੇਤੀ ਭੇਜੋ :-

a) ਇੱਕ ਪੈਂਟ b) ਦੋ ਕਮੀਜ਼ਾ c)ਜਦੋਂ ਜੋੜੇ ਚੱਪਲਾਂ ਦੇ।

8. **ਪੁੱਠੇ ਕਾਮੇ :**

ਪੁੱਠੇ ਕਾਮੇ ਦੀ ਤਰ੍ਹਾਂ ਦੇ ਹੁੰਦੇ ਹਨ- ਇਕ ਇਕਹਿਰੇ ਪੁੱਠੇ ਕਾਮੇ (‘’) ਤੇ ਦੂਜੇ ਦੂਹਰੇ ਪੁੱਠੇ ਕਾਮੇ (“”) ।

ਜਦ ਕਿਸੇ ਦੀ ਗੱਲ ਨੂੰ ਇੰਨ-ਬਿੰਨ ਦੱਸਣਾ ਹੋਵੇ ਤਾਂ ਦੂਹਰੇ ਪੁੱਠੇ ਕਾਮੇ ਵਰਤੇ ਜਾਂਦੇ ਹਨ ਪਰ ਜੇ ਇਸ ਵਿੱਚ ਕੋਈ ਹੋਰ ਗੱਲ ਨੂੰ ਇੰਨ-ਬਿੰਨ ਕਹਿਣੀ ਹੋਵੇ ਤਾਂ ਉਸ ਨੂੰ ਇਕਹਿਰੇ ਪੁੱਠੇ ਕਾਮਿਆਂ ਵਿਚ ਲਿਖਿਆ ਜਾਂਦਾ ਹੈ

ਜਿਵੇਂ: ਗੁਰਦੀਪ ਨੇ ਹਰਕ੍ਰਿਸ਼ਨ ਨੂੰ ਕਿਹਾ, "ਤੇਰੇ ਮਿੱਤਰ ਨੇ ਸੁਨੇਹਾ ਭੇਜਿਆ ਹੈ, 'ਮੇਰੀ ਭੈਣ ਦੇ ਵਿਆਹ ਵਿੱਚ ਜ਼ਰੂਰ ਆਵੀਂ"।

## ਮੁਹਾਵਰੇ ਤੇ ਅਖਾਣ:

1. ਉੱਲੂ ਬੋਲਣੇ (ਸੁੰਨਸਾਨ ਹੋਣਾ)

2. ਓਹੜ-ਪੋਹੜ ਕਰਨੇ (ਘਰੇਲੂ ਇਲਾਜ ਕਰਨੇ)

3. ਅੱਖੀ ਘੱਟਾ ਪਾਉਣਾ (ਧੋਖਾ ਦੇਣਾ)

4. ਅੱਗ ਵਰ੍ਹਨੀ (ਬਹੁਤ ਗਰਮੀ ਪੈਣੀ)

5. ਅੱਗ ਲਾਉਣੀ (ਸ਼ਾਂਤੀ ਭੰਗ ਕਰਨੀ)

6. ਅੱਖਾਂ ਅੱਗੇ ਹਨੇਰੇ ਆਉਣਾ (ਘਬਰਾ ਜਾਣਾ)

7. ਆਪਣੇ ਪੈਰੀਂ ਆਪ ਕੁਹਾੜਾ ਮਾਰਨਾ (ਆਪਣਾ ਨੁਕਸਾਨ ਆਪ ਕਰਨਾ)

8. ਅਕਲ ਗਿਟਿਆਂ ਵਿੱਚ ਹੋਣੀ ( ਮੂਰਖ ਹੋਣਾ)

9. ਆਟੇ ਵਿੱਚ ਲੂਣ ਹੋਣਾ (ਬਹੁਤ ਘੱਟ-ਗਿਣਤੀ ਹੋਣਾ)

10. ਅੱਕੀ ਪਲਾਹੀ ਹਥ ਮਾਰਨੇ (ਆਸਰਾ ਭਾਲਣਾ)

11. ਅਸਮਾਨ ਦੇ ਤਾਰੇ ਤੋੜਨਾ (ਫੜ੍ਹਾਂ ਮਾਰਨੀਆਂ)

12. ਇੱਟ-ਖੜਿੱਕਾ ਲਾਉਣਾ (ਝੱਗੜਾ ਕਰਨਾ)

13. ਈਦ ਦਾ ਚੰਨ ਹੋਣਾ (ਦੇਰ ਪਿੱਛੋਂ ਮਿਲਣਾ)

14. ਇਸ਼ਾਰੇ 'ਤੇ ਨੱਚਣਾ (ਲਾਈਲੱਗ)

15. ਇੱਕ ਕੰਨੋਂ ਸੁਣਕੇ ਦੂਜੇ ਕੰਨੋਂ ਕਢ ਦੇਣਾ (ਲਾਪਰਵਾਹ ਹੋਣਾ)

16. ਸਾਹ ਸੁੱਕਣਾ (ਡਰਨਾ)

17. ਸੱਤੀ ਕੱਪੜੀਂ ਅੱਗ ਲੱਗਣਾ (ਬਹੁਤ ਗੁੱਸੇ ਵਿੱਚ ਆਉਣਾ)

18. ਸਿਰੇ ਚੜ੍ਹਨਾ (

19. ਸਿਰ ਧੜ ਦੀ ਬਾਜ਼ੀ ਲਾਉਣੀ (ਖ਼ਤਰਾ ਮੁੱਲ ਲੈਣਾ)

20. ਸੱਤੁਰਿਆ-ਬਹੱਤਰਿਆ ਜਾਣਾ (ਅਕਲ ਮਾਰੀ ਜਾਣੀ)

21. ਸਿੱਕਾ ਜਮਾਉਣਾ (ਪ੍ਰਭਾਵ ਪੈਦਾ ਕਰਨਾ)

22. ਹੱਡਾਂ 'ਚ ਪਾਣੀ ਪੈਣਾ (ਕੰਮ ਤੋਂ ਨਕਾਰਾ ਹੋਣਾ ਜਾਂ ਕੋਈ ਕੰਮ ਕਰਨ ਨੂੰ ਜੀ ਨਾ ਕਰਨਾ)

23. ਹੱਥ ਤੰਗ ਹੋਣਾ (ਪੈਸੇ-ਧੇਲੇ ਦੀ ਕਮੀ ਹੋਣਾ)

24. ਹਵਾ ਦੇ ਘੋੜੇ ਸਵਾਰ ਹੋਣਾ (ਹੈਂਕੜ ਹੋਣੀ)

25. ਹੱਥ ਧੋ ਕੇ ਪਿੱਛੇ ਪੈ ਜਾਣਾ (ਕਿਸੇ ਕੰਮ ਨੂੰ ਨੇਪਰੇ ਚਾੜ੍ਹਨ ਲਈ ਪਕਾ ਇਰਾਦਾ ਕਰਨਾ)

26. ਕੱਖ ਭੰਨ ਕੇ ਦੂਹਰਾ ਨਾ ਕਰਨਾ ( ਕੋਈ ਕੰਮ ਨਾ ਕਰਨਾ)

27. ਕੌੜਾ ਘੁੱਟ ਭਰਨਾ (ਨਾ ਚਾਹੁੰਦਿਆਂ ਹੋਇਆਂ ਵੀ ਗੱਲ ਬਰਦਾਸ਼ਤ ਕਰਨੀ)

28. ਕੀਤੀ ਕਰਾਈ ਖੂਹ ਵਿੱਚ ਪੈਣੀ (ਸਾਰੀ ਮਿਹਨਤ ਬੇਕਾਰ ਜਾਣੀ)

29. ਕਲੇਜਾ ਵਿੰਨ੍ਹਿਆ ਜਾਣਾ (ਕਿਸੇ ਦੀ ਗੱਲ ਦਾ ਬਹੁਤ ਦੁੱਖ ਹੋਣਾ)

30. ਖ਼ਾਕ ਛਾਣਨੀ (ਵਿਅਰਥ ਕੋਸ਼ਿਸ਼ ਕਰਨਾ)

31. ਖੇਰੂੰ-ਖੇਰੂੰ ਹੋ ਜਾਣਾ (ਤਬਾਹ ਹੋ ਜਾਣਾ)

32. ਖ਼ੂਨ ਸ਼ਫੈਦ ਹੋਣਾ (ਅਪਣੱਤ ਖ਼ਤਮ ਹੋਣਾ)

33. ਖਾਰ ਪਾਣੀ (ਈਰਖਾ ਰੱਖਣੀ)

34. ਖ਼ਿਆਲੀ ਪੁਲਾਓ ਪਕਾਉਣੇ (ਫੋਕੀਆਂ ਸਲਾਹਾਂ ਕਰਦੇ ਰਹਿਣਾ)

35. ਖੂਨ ਨਿਚੋੜਨਾ (ਲੁੱਟਣਾ)

36. ਖੂਹ ਖਾਤੇ ਪਾ ਦੇਣਾ (ਕੋਈ ਚੀਜ਼ ਅਜਿਹੀ ਥਾਂ ਸੁੱਟਣੀ ਜਿਥੋਂ ਲੱਭੇ ਹੀ ਨਾ)

37. ਖ਼ਾਨਿਓ ਜਾਣਾ (ਘਬਰਾ ਜਾਣਾ)

38. ਗੱਲ ਪੱਲੇ ਬੰਨ੍ਹਣੀ (ਚੰਗੀ ਗੱਲ ਮੰਨ ਲੈਣੀ)

39. ਗੰਢ-ਤੁੱਪ ਕਰਨੀ (ਜੋੜ-ਮੇਲ ਕਰਨੇ)

40. ਗੰਗਾਜਲੀ ਚੁੱਕਣੀ (ਗੰਗਾ ਦੀ ਸੁੰਹ ਚੁੱਕਣੀ)

41. ਗਿੱਦੜੋਂ ਸ਼ੇਰ ਬਣਨਾ (ਕਮਜ਼ੋਰ ਵਿੱਚ ਵੀ ਤਾਕਤ ਆ ਜਾਣੀ)

42. ਗਰਮ ਹੋਣਾ (ਗੁੱਸੇ ਵਿੱਚ ਆ ਜਾਣਾ)

43. ਘਿਓ ਦੇ ਦੀਵੇ ਬਾਲਣੇ (ਬਹੁਤ ਖ਼ੁਸ਼ੀ ਮੁਨਾਉਣੀ)

44. ਘਰ ਪੂਰਾ ਕਰਨਾ (ਤੱਸਲੀ ਕਰਵਾ ਦੇਣੀ)

45. ਘਰ ਦਾ ਮੂੰਹ ਦੂਜੇ ਪਾਸੇ ਲਾਉਣਾ (ਚੁੰਗਾ-ਚੋਰ ਕਰਨਾ)

46. ਚਾਰ ਚੰਨ ਲੱਗਣੇ (ਸ਼ੋਭਾ ਵਧਣੀ)

47. ਚਾਂਦੀ ਦੀ ਜੁੱਤੀ ਮਾਰਨੀ (ਰਿਸ਼ਵਤ ਦੇਣੀ)

48. ਚੜ੍ਹਦੀ ਕਲਾ ਵਿਚ ਰਹਿਣਾ (ਉਤਸ਼ਾਹ ਵਿੱਚ ਰਹਿਣਾ)

49. ਚਿਹਰੇ 'ਤੇ ਹਵਾਇਆਂ ਉੱਡਣੀਆਂ (ਘਬਰਾ ਜਾਣਾ)

50. ਛਿੱਲ ਲਾਹੁਣੀ (ਲੁੱਟ ਲੈਣਾ)

51. ਛਾਈਂ-ਮਾਈਂ ਹੋ ਜਾਣਾ (ਅਲੋਪ ਹੋ ਜਾਣਾ)

52. ਛਾਤੀ 'ਤੇ ਮੂੰਗ ਦਲਣੀ (ਕਿਸੇ ਦੇ ਸਾਹਮਣੇ ਅਜਿਹੇ ਕੰਮ ਕਰਨਾ ਜਿਸ ਨਾਲ ਅਗਲੇ ਨੂੰ ਦੁੱਖ ਲੱਗੇ)

53. ਜ਼ਹਿਰ ਉਗਲਣਾ (ਭੈੜੇ ਬੋਲ ਬੋਲਣੇ)

54. ਜ਼ਖਮਾਂ 'ਤੇ ਫਹਿਆ ਧਰਨਾ (ਦੁਖੀ ਨੂੰ ਧਰਵਾਸ ਦੇਣੀ)

55. ਜਾਨ ਮਾਰਨਾ (ਸ਼ਖ਼ਤ ਮਿਹਨਤ ਕਰਨੀ)

56. ਝੁੱਗਾ ਚੌੜ ਹੋਣਾ (ਤਬਾਹ ਹੋ ਜਾਣਾ)

57. ਝੜਪ ਲੈਣੀ (ਲੜਾਈ ਕਰਨੀ)

58. ਟਕੇ ਵਰਗਾ ਜਵਾਬ ਦੇਣਾ ( ਸਿੱਧੀ ਨਾਂਹ ਕਰ ਦੇਣੀ)

59. ਟੱਕਰਾਂ ਮਾਰਨਾ (ਭਟਕਦੇ ਫਿਰਨਾ)

60. ਠੋਕ ਵਜਾ ਕੇ ਵੇਖਣਾ (ਚੰਗੀ ਤਰ੍ਹਾਂ ਪਰਖ ਕਰ ਲੈਣੀ)

61. ਡੰਗ ਮਾਰਨਾ (ਗੁਜ਼ਾਰਾ ਕਰਨਾ)

62. ਢਿੱਡੀ ਪੀੜਾਂ ਪੈਣੀਆਂ (ਬਹੁਤ ਹੱਸਣਾ)

63. ਢਕੀ ਰਿੱਤੇ ਕੋਈ ਨਾ ਬੁੱਝੇ (ਅੰਦਰਖਾਤੇ ਸਹੀ ਜਾਣਾ)

64. ਢਹਿੰਦੀਆਂ ਕਲਾਂ ਵਿੱਚ ਜਾਣਾ (ਨਿੱਘਰ ਜਾਣਾ)

65. ਤੱਤੀ ਵਾ ਨਾ ਲੱਗਣੀ (ਕੋਈ ਦੁੱਖ ਨਾ ਹੋਣਾ )

66. ਤਰਲੋਮੱਛੀ ਹੋਣਾ (ਉਤਾਵਲੇ ਹੋਣਾ)

67. ਤੀਲ੍ਹੀ ਲਾਉਣੀ (ਲੜਾਈ-ਝਗੜਾ ਕਰਾਉਣਾ)

68. ਤੀਰ ਹੋਣਾ (ਇੱਕ-ਦਮ ਦੌੜ ਜਾਣਾ)

69. ਤੇੜਾ ਪੈ ਜਾਣੀਆਂ (ਆਪਸ ਵਿਚ ਫੁੱਟ ਪੈ ਜਾਣੀ)

70. ਤਿਲ ਸੁਟਿਆ ਧਰਤੀ 'ਤੇ ਨਾ ਪੈਣਾ (ਬਹੁਤ ਭੀੜ ਹੋਣੀ)

71. ਤੇਲ ਚੋਣਾ (ਸਵਾਗਤ ਕਰਨਾ)

72. ਕੁਖੋ ਤੋੜਨੇ (ਦੁਖੀ ਕਰਨਾ)

73. ਥਰ-ਥਰ ਕੰਬਣਾ (ਬਹੁਤ ਡਰਨਾ)

74. ਥਾਪੀ ਦੇਣੀ (ਹੱਲਾਸ਼ੇਰੀ ਦੇਣੀ)

75. ਦਿਨਾਂ ਦਾ ਪਰਾਹੁਣਾ (ਮਰਨ ਕਿਨਾਰੇ ਹੋਣਾ)

Earn Money JOBS.com GET DAILY EMPLOYMENT NEWS

# ਅਗੇਤਰ-ਪਿਛੇਤਰ

1. ਉਪ (ਛੋਟਾ): ਉਪਨਾਮ, ਉਪ-ਨਿਯਮ, ਉਪ-ਭਾਗ, ਉਪ-ਮੰਤਰੀ, ਉਪ-ਵਾਕ।
2. ਉਨ : ਉਨਤਾਲੀ, ਉਨਾਹਟ, ਉਨਾਸੀ, ਉਨੰਜਾ।
3. ਅ : ਅਸਹਿ, ਅਕੱਥ, ਅਕਹਿ, ਅਸਮਰਥ, ਅਸਫ਼ਲ, ਅਨਾਥ।
4. ਅਣ : ਅਣ-ਸੁਣਿਆ, ਅਣਹੋਂਦ, ਅਣਗਿਣਤ, ਅਣਜਾਣ।
5. ਅਪ : ਅਪਸ਼ਰਨ, ਅਪਸ਼ਬਦ, ਅਪਕੀਰਤ, ਅਪਮਾਨ।
6. ਸੁ : ਸੁਸ਼ੀਲ, ਸੁਗੰਧ, ਸੁਭਾਗਾ, ਸੁਲੱਖਣਾ, ਸੁਗੰਖਿਆ।
7. ਸਣ : ਸਣਕਪਤੀ, ਸਣਕੋਸੀ, ਸਣਪਰਿਵਾਰ।
8. ਸਮ : ਸਮਕਾਲੀਨ, ਸਮਲਿੰਗੀ, ਸਮਤਲ, ਸਮਵਾਦੀ।
9. ਕ : ਕਰੂਪ, ਕਪੁੱਤਰ।
10. ਕੁ : ਕੁਕਰਮ, ਕੁਸੰਗ, ਕੁਰੀਤੀ, ਕੁਰੂਪ, ਕੁਲੱਛਣ।
11. ਖੁਸ਼ : ਖੁਸ਼ਕਿਸਮਤ, ਖੁਸ਼ਖਬਰੀ , ਖੁਸ਼ਦਿਲ, ਖੁਸ਼ਨਸੀਬ।
12. ਦੁਰ : ਦੁਰਗੰਧ, ਦੁਰਘਟਨਾ, ਦੁਰਾਚਾਰੀ, ਦੁਰਸ਼ਨ।
13. ਨਿ : ਨਿਓਣਾਂ, ਨਿਸੰਗ, ਨਿਕੰਮਾ, ਨਿਗੁਣਾ, ਨਿਤੁਰ।
14. ਨਿਸ਼ : ਨਿਸ਼ਕਾਮ, ਨਿਸ਼ਕਪਟ, ਨਿਸ਼ਚਿੰਤ, ਨਿਸ਼ਫਲ, ਨਿਰਮੂਲ।
15. ਨਿਰ : ਨਿਰਸੰਦੇਹ, ਨਿਰਗੁਣ, ਨਿਰਫਲ, ਨਿਰਦੋਸ਼, ਨਿਰਦਈ।
16. ਪਰ : ਪਰਉਪਕਾਰ, ਪਰ-ਅਧੀਨ, ਪਰਦੇਸ਼, ਪਰ-ਨਾਰੀ, ਪਰ-ਤੰਤਰ, ਪਰਲੋਕ।
17. ਬਦ : ਬਦ-ਅਸੀਸ, ਬਦ-ਸ਼ਕਲ, ਬਦਸੂਰਤ, ਬਦਕਾਰ, ਬਦਨਾਮ, ਬਦਬੋ।
18. ਮਹਾਂ : ਮਹਾਂ-ਸਾਗਰ, ਮਹਾਂ-ਦੀਪ, ਮਹਾਂ-ਪਰਸ਼ਾਦ, ਮਹਾਂ-ਬਲੀ, ਮਹਾਂ-ਯੁੱਧ।

## ਪਿਛੇਤਰ

1. ਆਰ : ਸੁਨਿਆਰ, ਚਮਤਕਾਰ, ਦਾਤਾਰ, ਲੁਹਾਰ।
2. ਅਲ : ਸਤੀਆਲ, ਅੜੀਆਲ।
3. ਆਣੀ : ਜੇਠਾਣੀ, ਦਰਾਣੀ, ਖ਼ਤਰਾਣੀ।
4. ਈ : ਸੁਖਤਾਈ, ਕਮਾਈ, ਚੌੜਾਈ, ਬਿਜਾਈ, ਉਚਾਈ।
5. ਹਾਰ : ਸਿਰਜਣਹਾਰ, ਹੋਣਹਾਰ, ਪਾਲਣਹਾਰ।

6. ਹੀਣ : ਬਲਹੀਣ, ਮੱਤਹੀਣ, ਰੂਪਹੀਣ।

7. ਖ਼ੋਰ : ਚੁਗ਼ਲਖ਼ੋਰ, ਅਰਾਮਖ਼ੋਰ, ਰਿਸ਼ਵਤਖ਼ੋਰ।

8. ਣ,ਨ : ਗੁਆਂਢਣ, ਜਮਾਦਾਰਨ, ਪੰਜਾਬਣ, ਪੁਜਾਰਨ।

9. ਪਣ : ਵੇਲਾਪਣ, ਵੱਡਪਣ, ਬਾਲਪਣ।

10. ਪਨ : ਬਚਪਨ, ਪਾਗਲਪਨ।

11. ਬਾਜ਼ : ਚਾਲਬਾਜ਼, ਜੂਏਬਾਜ਼, ਪੱਤੇਬਾਜ਼।

12. ਬਾਨ : ਮਿਹਰਬਾਨ, ਧੀਆਬਾਨ, ਬਾਗ਼ਬਾਨ।

## ਕਰਤਰੀ-ਵਾਚ ਅਤੇ ਕਰਮਣੀ-ਵਾਚ

| ਕਰਤਾਰੀ-ਵਾਚ ਵਾਕ | ਕਰਮਣੀ-ਵਾਚ ਵਾਕ |
|---|---|
| ਸੁਰਿੰਦਰ ਗੀਤ ਗਾਉਂਦਾ ਹੈ। | ਗੀਤ ਸੁਰਿੰਦਰ ਦੁਆਰਾ ਗਾਇਆ ਜਾਂਦਾ ਹੈ। |
| ਮੈ ਰੋਟੀ ਨਹੀਂ ਖਾ ਸਕਦਾ। | ਰੋਟੀ ਮੈਥੋਂ ਨਹੀ ਖਾਧੀ ਜਾ ਸਕਦੀ। |
| ਰਾਜਿੰਦਰ ਨੇ ਚੋਰੀ ਕੀਤੀ। | ਚੋਰੀ ਰਾਜਿੰਦਰ ਦੁਆਰਾ ਕੀਤੀ ਗਈ। |
| ਅਸੀਂ ਰਾਤੀ ਪੜ੍ਹਾਂਗੇ। | ਸਾਥੋਂ ਰਾਤੀ ਪੜ੍ਹਿਆ ਜਾਵੇਗਾ। |
| ਵੱਡਿਆਂ ਦਾ ਆਦਰ-ਮਾਣ ਕਰੋ। | ਵੱਡਿਆਂ ਦਾ ਆਦਰ-ਮਾਣ ਕੀਤਾ ਜਾਏ। |

Earn Money JOBS .com GET DAILY EMPLOYMENT NEWS

## ASSISTANT MANAGER/ DEPUTY DISTRICT MANAGER

1) ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜਾ ਠੀਕ ਹੈ :

a) ਝਾੜੂ b) ਝਾੜੂੰ

c) ਝਾਂੜੂ d )ਝਾੜਿ

2) ਹੇਠ ਲਿਖਿਆਂ ਵਿਚੋਂ ਵਿਸ਼ੇਸ਼ਣ ਚੁਣੋ :

a) ਕਰ, ਪੜ b) ਚਿੱਟਾ, ਜਾਮਨੀ

c ) ਇਹ, ਹੈ d) ਮੈਂ, ਤੂੰ

3) ਅੱਧਕ ਵਾਲਾ ਠੀਕ ਸ਼ਬਦ-ਜੋੜ ਚੁਣੋ:

a) ਪੈਨੰ b) ਪੈੱਨ

c) ਪੈਣ d) ਪੈਂਨ

4) 'ਉਸਤਤ' ਸ਼ਬਦ ਦਾ ਸਮਾਨਾਰਥਕ ਚੁਣੋ :

a) ਚੁਗਲੀ b) ਨਫਰਤ

c) ਪ੍ਰਸ਼ੰਸਾ c) ਈਰਖਾ

5) ਨਾਂਵ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ :

a) ਪੰਜ b) ਅੱਠ

c) ਦਸ c) ਤਿੰਨ

6) ਟਿੱਪੀ ਦੀ ਵਰਤੋਂ ਵਾਲਾ ਠੀਕ ਸ਼ਬਦ ਚੁਣੋ :

a) ਪੇਡੰ b) ਪੀਡੰ

c) ਪਿੰਡ d) ਪੈਡੰ

7) 'ਨਵੀਨ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ:

a)ਵਧੀਆ b) ਪੁਰਾਤਨ

c) ਸੋਹਣਾ d) ਮੰਦਾ

8) 'ਤੱਤੀ ਵਾ ਨਾ ਲਗਣਾ' ਦਾ ਅਰਥ ਹੈ:

a) ਰੋਸ ਪ੍ਰਗਟਾਉਣਾ b) ਮੂੰਹ ਵਿੱਚ ਹਵਾ ਭਰਨਾ

c) ਕੋਈ ਤਕਲੀਫ਼ ਨਾ ਹੋਣੀ d) ਚੂੰਢੀ ਵੱਢਣੀ

9) ਉਠ ਤੋਂ ਛਾਨਣੀ ਲਾਹਿਆਂ .......... ਅਖਾਣ ਪੂਰੀ ਕਰੋ:

a) ਉਠ ਤੁਰ ਨਹੀ ਸਕਦਾ b) ਅੜ੍ਹਾਂਦੀ ਹੀ ਲੱਦੀਦੇ ਨੇ

c) ਉਠ ਬੈਠ ਜਾਂਦਾ ਹੈ d) ਭਾਰ ਹੋਲਾ ਨਹੀਂ ਹੁੰਦਾ

10) ਹੇਠ ਲਿਖੇ ਸ਼ਬਦਾ ਵਿੱਚੋਂ ਇੱਕ ਵਚਨ ਚੁਣੋ:

a) ਕੁੜੀਆਂ b) ਅੱਖਾਂ

c) ਫਲ d) ਘੋੜੀ

Earn Money JOBS.com GET DAILY EMPLOYMENT NEWS

## MANAGER – HR (17-01-2015)

1) ਕਿਹੜਾ ਸ਼ਬਦ ਮੂਲ ਸ਼ਬਦ ਹੈ?

a) ਫੁੱਲਦਾਨ b) ਪਾਕਦਾਨ

c) ਪਾਇਦਾਨ d) ਮੈਦਾਨ

2) ਗੁਰਮੁਖੀ ਕੀ ਹੈ:

a) ਪੰਜਾਬੀ b) ਪੰਜਾਬੀ ਭਾਸ਼ਾ

**c)**ਲਿੱਪੀ d) ਵਰਣ-ਮਾਲਾ

3) ਪੁਲਿਸ ਨੇ ਚੋਰਨ ਨੂੰ ਫੜਿਆ ਤੇ ਹਥਕੜੀ ਲਾ ਦਿੱਤੀ ਵਾਕ ਦੀ ਕਿਹੜੀ ਕਿਸਮ ਹੈ:

a) ਸਾਧਾਰਨ b) ਮਿਸ਼ਰਤ

c) ਸੰਯੁਕਤ d) ਹਾਂ-ਵਾਚਕ

4) ਹੇਠ ਲਿਖਿਆਂ ਵਿਚੋਂ ਠੀਕ ਸਮਾਸੀ ਸ਼ਬਦ ਚੁਣੋ:

a)ਵੇਰੀ-ਮਿੱਤਰ b) ਵੈਰੀ-ਦੁਸ਼ਮਣ

**c )** ਸੱਚ-ਝੂਠ d) ਖੁਸ਼-ਖ਼ਬਰੀ

5) ਬਾਲ, ਨਿਆਣਾ, ਬੱਚਾ ਦਾ ਹੋਰ ਸਮਾਨਰਥੀ ਸ਼ਬਦ ਕਿਹੜਾ ਹੈ ਸਕਦਾ ਹੈ:

a) ਨਿੱਕਾ b) ਬੁੱਢਾ

**c)** ਬਾਲਕ d) ਚੋਟਾ

6) ਕਾਰਕ ਕਿੰਨੀ ਪ੍ਰਕਾਰ ਦੇ ਹੁੰਦੇ ਹਨ:

**a)** ਅੱਠ b) ਸੱਤ

c) ਪੰਜ d) ਚਾਰ

7) 'ਅੰਦਰ ਹੋਵੇ ਸੱਚ ...........ਅਖਾਣ ਪੂਰਾ ਕਰੋ:

a) ਤਾਂ ਕਿਸੇ ਨੂੰ ਨਾ ਦੱਸ b)ਸਾਰਿਆ ਨੂੰ ਦੱਸ

c) ਝੂਠ ਬੋਲਣ ਤੋਂ ਬਚ d) ਤਾਂ ਕੋਠੇ ਚੜ੍ਹ ਕੇ ਨੱਚ

8) ਸ਼ੁੱਧ ਮੁਹਾਵਰਾ ਚੁਣੋ:

a) ਸੁੱਤੀਆਂ ਕਲਾਂ ਭਜਾਉਣੀਆਂ b)ਸ਼ੁੱਤੀਆਂ ਕਲਾਂ ਸਵਾਣੀਆਂ

c) ਸ਼ੁਤੀਆਂ ਕਲਾਂ ਨਚਾਉਣੀਆਂ d)ਸ਼ੁੱਤੀਆਂ ਕਲਾਂ ਜਗਾਉਣੀਆਂ

9) ਸ਼ੁੱਧ ਸ਼ਬਦ ਜੋੜ ਚੁਣੋ:

a) ਪੜਾਈ b) ਪੜ੍ਹਾਈ

c) ਪਢਾਈ d) ਪੜ੍ਹਾਈ

10) ਸ਼ਬਦ-ਰਚਨਾ ਦੇ ਕਿੰਨੇ ਭਾਗ ਹੁੰਦੇ ਹਨ?

a) ਦੋ b) ਤਿੰਨ

c) ਚਾਰ d) ਪੰਜ

## DEPUTY DISTRICT MANAGER

1) ਅੱਧਕ ਵਾਲਾ ਠੀਕ ਸ਼ਬਦ-ਜੋੜ ਚੁਣੋ:

a)ਤਕੱੜੀ b)ਤੱਕੜੀ

c) ਤਕੜੀ d)ਤਕੱੜੀ

2) 'ਉਦਮ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ।

a) ਉਪਰਾਲਾ b) ਨਫ਼ਰਤ

c) ਆਲਸ d) ਉਤਸੁਕ

3) ਕਿਰਿਆ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ:

a) ਤਿੰਨ b) ਚਾਰ

c) ਦੋ d) ਪੰਜ

4) ਹੇਠ ਲਿਖੇ ਸ਼ਬਦਾਂ ਵਿੱਚੋਂ ਇੱਕ ਵਚਨ ਚੁਣੋ:

a) ਫ਼ਲ b) ਫਰਨੀਚਰ

c) ਘੋੜਾ d) ਮੁੰਡੇ

5) 'ਉਹ ਗਰੀਬ ਹੈ, ਫਿਰ ਵੀ ਦਾਨੀ ਹੈ', ਕਿਹੜਾ ਵਾਕ ਹੈ:

a)ਵਿਸਮਿਕ b)ਪ੍ਰਸ਼ਨਵਾਚਕ

c) ਸਾਧਾਰਨ d) ਸੰਯੁਕਤ

6) ਹੇਠ ਲਿਖਿਆ ਵਿੱਚੋਂ ਸਮਾਸੀ ਸ਼ਬਦ ਕਿਹੜਾ ਹੈ?

a) ਅੰਨ-ਪਾਣੀ b) ਅਨਾਰ

c) ਅਨਾਨਾਸ d) ਜਿੱਤ ਤੇ ਹਾਰ

7) ਉਹ ਦਿਨ ਡੁੱਬਾ .................. । ਅਖਾਣ ਪੂਰੀ ਕਰੋ:

a) ਤਾਂ ਮੋਹਲਿਆਂ ਦਾ ਕੀ ਡਰ b) ਸਾਇਆਂ ਕਿਤੇ

c) ਜਦੋਂ ਘੋੜੀ ਚੜ੍ਹਿਆ ਕੁੱਬਾ d)ਵਧਾਈਆਂ ਕਿਤੇ

8) 'ਭਾਨੀ ਮਾਰਨੀ' ਦਾ ਅਰਥ ਹੈ:

a) ਦੋਸਤੀ ਕਰਨਾ b) ਕੰਮ ਵਿਗਾੜਨਾ

c) ਸੋਟੀ ਮਾਰਨਾ d) ਉਸਤਤ ਕਰਨੀ

9) ਸ਼ਬਦ-ਜੋੜਾਂ ਵਾਲਾ ਸ਼ਬਦ ਚੁਣੋ:

a) ਸੈਹਰ b) ਸ਼ਹੀਰ

c) ਸ਼ਹਿਰ d) ਸ਼ੇਹਰ

10) 'ਬਹੁਤ ਗੋਰੀ' ਸ਼ਬਦ ਹੇਠ ਲਿਖਿਆਂ ਵਿੱਚੋਂ ਕੀ ਹੈ:

a) ਪੜਨਾਂਵ b) ਕਿਰਿਆ

c) ਸੰਖਿਆਵਾਚਕ ਵਿਸ਼ੇਸ਼ਣ d) ਗੁਣਵਾਚਕ ਵਿਸ਼ੇਸ਼ਣ

## PUNJAB COOPERATIVE BANK

1) ਪੜਨਾਂਵ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ:

a) ਪੰਜ b) ਸੱਤ

c) ਅੱਠ d) ਛੇ

2) ਕਿਹੜਾ ਸ਼ਬਦ 'ਆਪਣਾ' ਸ਼ਬਦ ਦਾ ਵਿਰੋਧੀ ਨਹੀਂ ਹੈ:

a) ਮੇਰਾ b) ਪਰਾਇਆ

c) ਬਿਗਾਨਾ d) ਦੂਜਾ

3) ਸ਼ੁੱਧ ਸ਼ਬਦ-ਜੋੜ ਚਣੋ:

a) ਸਉਰਾ b) ਸੋਰਾ

c) ਸੁਹਰਾ d) ਸਹੁਰਾ

4) ਹੇਠ ਲਿਖਿਆਂ ਵਿੱਚੋਂ ਸਮਾਸੀ ਸ਼ਬਦ ਚੁਣੋ:

a) ਜਿੱਤ ਅਤੇ ਹਾਰ b) ਹਾਰੀ ਅਤੇ ਹਾਰ

c) ਜਿੱਤ-ਹਾਰ d) ਜਿੱਤ ਦੀ ਹਾਰ

5) 'ਕੁੜੱਤਣ' ਸ਼ਬਦ ਦਾ ਵਿਰੋਧੀ ਹੈ:

a) ਨਮਕੀਨ b) ਫਿੱਕਾ

c) ਮਿਠਾਸ d) ਕੌੜਾ

6) 'ਉਸ ਦੀ ਪੱਗ ਦਾ ਰੰਗ ਲਾਲ ਹੈ' ਵਾਕ ਵਿੱਚ ਵਿਸ਼ੇਸ਼ਣ ਸ਼ਬਦ ਕਿਹੜਾ ਹੈ:

a) ਲਾਲ b) ਪੱਗ

c) ਰੰਗ d) ਹੈ

7) 'ਪਿਠ ਠੋਕਣੀ' ਦਾ ਅਰਥ ਹੈ:

a) ਸ਼ਰਮਿੰਦਾ ਕਰਨਾ b) ਉਤਸ਼ਾਹ ਵਧਾਉਣਾ

c) ਭੜਕਾਉਂਣਾ d) ਕੁੱਟਣਾ

8) ਸ਼ੁੱਧ ਮੁਹਾਵਰਾ ਚੁਣੋ:

a) ਸਿਰੋਂ ਤੇਲ ਲੰਘਣਾ b) ਸਿਰੋਂ ਕਾਂ ਲੰਘਣਾ

c) ਸਿਰੋਂ ਪਾਣੀ ਲੰਘਣਾ d) ਸਿਰੋਂ ਘਿਉ ਲੰਘਣਾ

9) 'ਪ੍ਰਿੰਸੀਪਲ ਸਾਹਿਬ ਕਾਲਿਜ ਆਏ ਅਤੇ ਉਨ੍ਹਾਂ ਨੇ ਭਾਸ਼ਣ ਦਿੱਤਾਂ ਵਾਕ ਦੀ ਕਿਹੜੀ ਕਿਸਮ ਹੈ:

a) ਸਾਧਾਰਨ b) ਮਿਸ਼ਰਤ

c) ਸੋਨਾ d) ਕੋਈ ਵੀ ਨਹੀਂ

10) ਆਮ/ਜਾਤੀ-ਵਾਚਕ ਸ਼ਬਦ ਚੁਣੋ:

a) ਗ਼ਮੀ b) ਤੇਲ

c) ਸੋਨਾ d) ਵਿਦਿਆਰਥੀ

## SENIOR AUDITOR

1) 'ਗੇਂਦ' ਸ਼ਬਦ ਨੂੰ ਸ਼ੁੱਧ ਕਰਨ ਲਈ ਕਿਹੜੇ ਲਗਾਖ਼ਰ ਦੀ ਵਰਤੋਂ ਕੀਤੀ ਜਾਵੇਗੀ :

a) ਬਿੰਦੀ   b) ਟਿੱਪੀ

c) ਕੰਨਾ   d) ਅਧਕ

2) ਕਿਹੜਾ ਸ਼ਬਦ ਸਮਾਸੀ ਨਹੀਂ ਹੈ:

a) ਗਰਮ-ਗਰਮ   b) ਗਰਮ-ਸ਼ਰਦ

**c) ਗਰਮ-ਪਾਣੀ**   d) ਗਰਮ-ਠੰਢਾ

3) 'ਕੁੜੱਤਣ' ਸ਼ਬਦ ਦਾ ਵਿਰੋਧੀ ਹੈ:

a) ਨਮਕੀਨ   b) ਫਿੱਕਾ

c) ਮਿਠਾਸ   d) ਕੌੜਾ

4) ਕਿਹੜਾ ਸ਼ਬਦ 'ਲਾਭ' ਦਾ ਸਮਾਨਰਥੀ ਹੈ:

a) ਵੇਚ   b) ਬਹੁਤ

c) ਘਾਟਾ   d) ਫਾਇਦਾ

5) ਪ੍ਰਸ਼ਨ-ਵਾਚਕ ਵਿਸ਼ੇਸ਼ਣ ਚੁਣੋ:

a) ਉਹ   b) ਤੁਸੀਂ

c) ਕਿਹੜਾ   d) ਮੈਂ

6) 'ਆਈ ਚਲਾਈ ਕਰਨਾ' ਦਾ ਅਰਥ ਹੈ:

a) ਜੋ ਕਮਾਉਣਾ, ਖਾ ਲੈਣਾ   b) ਆਉਂਣਾ ਜਾਣਾ

c) ਸੁਨੇਹਾ ਭੇਜਣਾ   d) ਟੈਲੀਫੂਨ ਕਰਨਾ

7) ਅੰਦਰ ਹੋਵੇ ਸੱਚ ................. ਅਖਾਣ ਪੂਰਾ ਕਰੋ:

a) ਤਾਂ ਕਿਸੇ ਨੂੰ ਨਾ ਦੱਸ   b) ਸਾਰਿਆਂ ਨੂੰ ਦੱਸ

c) ਝੂਠ ਬੋਲਣ ਤੋਂ ਬਚ   d) ਤਾਂ ਕੋਠੇ ਚੜ੍ਹਕੇ ਨੱਚ

8) ਸੰਖਿਆਵਾਚਕ ਵਿਸ਼ੇਸ਼ਣ ਚੁਣੋ:

ਇੱਕ   ਬਹੁਤ ਸਾਰੇ

ਕੋਈ ਕੋਈ   ਕਿਹੜਾ

9) ਹੇਠ ਲਿਖਿਆ ਵਿੱਚੋਂ ਸਮਾਸੀ ਸ਼ਬਦ ਚੁਣੋ:

ਡਾਕਟਰ   ਡਾਕ-ਪੋਸਟ

ਡਾਕ-ਖਾਨਾ   ਡਾਕੀਆ-ਤਾਰ

10) ਠੀਕ ਸ਼ਬਦ ਚੁਣੋ:

ਬੁਢਾ   ਬੁੱਡਾ

ਬੁੱਢਾ   ਬੁਡਾ

## INSPECTOR GRADE (05-04-2015)

1) ਵਿਸ਼ੇਸ਼ਣ ਕਿੰਨੀ ਪ੍ਰਕਾਰ ਹੰਦੇ ਹਨ:

a)ਪੰਜ b) ਛੇ

c) ਸੱਤ d) ਅੱਠ

2) 'ਪੋਠੋਹਾਰੀ' ਕੀ ਹੈ:

a) ਬੋਲੀ **b) ਉਪ-ਭਾਸ਼ਾ**

c) ਲਿੱਪੀ d) ਖੇਤਰ

3) ਸ਼ਬਦ ਰਚਨਾ ਅਨੁਸਾਰ ਸ਼ਬਦਾਂ ਦੀਆਂ ਦੋ ਸ਼੍ਰੇਣੀਆਂ ਕਿਹੜੀਆਂ ਹਨ:

a) ਮੂਲ ਤੇ ਰਚਿਤ ਸ਼ਬਦ **b)** ਮੁਹਾਵਰੇ ਅਤੇ ਅਖੌਤਾਂ

c) ਬਹੁ-ਅਰਥਕ ਤੇ ਸਮਾਨਾਰਥਕ d) ਲਿੰਗ ਤੇ ਵਚਨ

4) 'ਆਈ ਚਲਾਈ ਕਰਨਾ' ਦਾ ਅਰਥ ਹੈ:

a) ਜੋ ਕੁਮਾਉਣਾ ਸੋ ਖਾ ਲੈਣਾ **b)** ਆਉਣਾ ਤੇ ਜਾਣਾ

c) ਸੁਨੇਹਾ ਭੇਜਣਾ d)ਮੁੜ ਨਾ ਆਉਂਣਾ

5) ਸ਼ੁੱਧ ਸ਼ਬਦ ਜੋੜ ਚੁਣੋ:

a)ਬੁੜਾ b) ਬੁੱਢਾ

c) ਬੁਢਾ d) ਬੁੱਡਾ

6) ਬਿੰਦੀ ਕੀ ਹੈ?

a) ਲਗਾਖਰ b) ਲਗਾਂ

c) ਸ੍ਵਰ d) ਵਿਅਜੰਨ

7) ਕਿਰਿਆ ਵਿਸ਼ੇਸ਼ਣ ਦੀਆਂ ਕਿੰਨਿਆਂ ਕਿਸਮਾਂ ਹੁੰਦੀਆਂ ਹਨ:

a) ਦਸ b) ਅੱਠ

c) ਬਾਰਾਂ d) ਪੰਜ

8) ਪੜਨਾਵੀਂ ਵਿਸ਼ੇਸ਼ਣ ਚੁਣੋ:

a) ਕੋਣ b) ਕੁੜੀ

c) ਉਹ d) ਪੰਜ ਮੀਲ

9) ਠੀਕ ਸਮਾਸੀ ਸ਼ਬਦ ਚੁਣੋ:

a) ਹੱਕ-ਹਰਾਮ b) ਹੱਕ-ਹਲਾਲ

c) ਹਕ-ਨਹੱਕ d) ਹੱਕ-ਕਮਾਈ

10) ਕਿਹੜਾ ਸ਼ਬਦ 'ਸੁਆਮੀ' ਸ਼ਬਦ ਦਾ ਸਮਾਨਾਰਥੀ ਨਹੀਂ ਹੈ:

a) ਪਤੀ b) ਮਾਲਕ

c) ਨਾਥ d) ਚੇਲਾ

## DEPUTY GENERAL MANAGER FINANCE & ACCOUNTS (17-01-2015)

1) ਸ਼ੁੱਧ ਸ਼ਬਦ-ਜੋੜ ਚੁਣੋ:

a) ਦੁੱਦ b) **ਦੁੱਧ**

c) ਦੂੱਧ d) ਦੁਧ

2) ਕਿਹੜਾ ਸ਼ਬਦ 'ਕੰਡਾ' ਸ਼ਬਦ ਦੇ ਬਹੁ-ਅਰਥਕ ਵਜੋਂ ਨਹੀਂ ਵਰਤਿਆ ਜਾ ਸਕਦਾ ਹੈ:

a) ਤੱਕਤ b) ਮੂਲ

c) ਹੱਡੀ d) **ਕੰਢਾ**

3) ਕਿਹੜਾ ਸਬਦ 'ਸਬਰ' ਦਾ ਸਮਾਨਰਥੀ ਨਹੀਂ ਹੈ:

a) ਸੰਤੋਖ b) ਰੱਜ

c) ਸੰਤੁਸ਼ਟੀ d) **ਭੁੱਖ**

4) ਨਾਂਵ ਸ਼ਬਦ ਚੁਣੋ:

a) ਤੇਜ b) **ਕੁਰਸੀ**

c)ਹੱਸਣਾ d) ਉਹ

5) ਪੜਨਾਂਵ ਦੀਆਂ ਕਿਸਮਾਂ ਹੁੰਦੀਆਂ ਹਨ:

**a) ਛੇ** b) ਪੰਜ

c) ਚਾਰ d) ਅੱਠ

6) 'ਅਕ' ਪਿਛੇਤਰ ਕਿਸ ਸ਼ਬਦ ਵਿੱਚ ਨਹੀਂ ਹੈ:

a) ਪਾਲਕ b) **ਤੈਰਾਕ**

c) ਪਾਠਕ d) ਕਾਰਕ

7) ਪਰਿਮਾਣ ਵਾਚਕ ਵਿਸ਼ੇਸ਼ਣ ਚੁਣੋ:

**a) ਪੰਜ ਮੀਟਰ** b) ਤੁਹਾਡਾ ਘਰ

c) ਇਹ d) ਕਾਲਾ ਗੋਰਾ

8) ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿਹੜੀ ਲਿੱਪੀ ਦੀ ਵਰਤੋ, ਹੁਮਦਿ ਹੈ:

a) ਦੇਵਨਾਗਰੀ b) ਰੋਮਨ

c) ਫਾਰਸੀ d) **ਗੁਰਮੁਖੀ**

9) 'ਫੜਾਂ ਮਾਰਣੀਆਂ' ਦਾ ਅਰਥ ਹੈ:

a) ਕਹਾਣੀਆਂ ਸੁਣਾਉਂਣੀਆਂ b) **ਗੱਪਾਂ ਮਾਰਨੀਆਂ**

c) ਚੁਗਲੀ ਕਰਨੀ d) ਪ੍ਰਸ਼ੰਸਾ ਕਰਨੀ

10) ਊਠ ਤੋਂ ਛਾਨਣੀ ਲਾਹਿਆ ............ ਅਖਾਣ ਪੂਰਾ ਕਰੋ:

a) **ਭਾਰ ਹੋਲਾ ਨਹੀਂ ਹੁੰਦਾ** b) ਊਠ ਬੈਠ ਜਾਂਦਾ ਹੈ

c) ਊਠ ਤੁਰ ਨਹੀਂ ਸਕਦਾ d) ਊਠ ਦਾ ਭਾਰ ਘਟ ਜਾਂਦਾ ਹੈ

## FIELD OFFICER (08-02-2015)

1) 'ਅਬਆਸ' ਨੂੰ ਸ਼ੁੱਧ ਕਿਵੇਂ ਲਿਖਿਆ ਜਾਵੇਗਾ:

a) ਅ b) ਭਿ

c) ਭੇ d) ਸਿ

2) ਬਣਤਰ ਦੇ ਆਧਾਰ ਤੇ ਸ਼ਬਦ ਹੁੰਦੇ ਹਨ:

a) ਤਿੰਨ ਪ੍ਰਕਾਰ ਦੇ **b) ਦੋ ਪ੍ਰਕਾਰ ਦੇ**

c) ਚਾਰ ਪ੍ਰਕਾਰ ਦੇ d) ਪੰਜ ਪ੍ਰਕਾਰ ਦੇ

3) 'ਲਤੋਂ ਅੜਾਉਣੀ' ਦਾ ਅਰਥ ਹੈ:

a) ਸੰਭਲਿਆ ਨਾ ਜਾਣਾ b) ਚੁਗਲੀ ਕਰਨੀ

c) ਸਿਫਤ ਕਰਨੀ d) **ਖ਼ਾਹ-ਮਖ਼ਾਹ ਦਖਲ ਦੇਣਾ**

4) 'ਕੋਹਿਨੂਰ' ਕੀਮਤੀ ਹੀਰਾ ਹੈ, ਵਿਚ 'ਕੋਹਿਨੂਰ' ਹੈ:

a) ਆਮ ਨਾਂਵ b) ਵਸਤੂਵਾਚਕ ਨਾਂਵ

c) **ਖ਼ਾਸ ਨਾਂਵ** d) ਭਾਵਵਾਚਕ ਨਾਂਵ

5) ਪੜਨਾਂਵ ਦੀਆਂ ਕਿਸਮਾਂ ਹੁੰਦੀਆਂ ਹਨ:

**a) ਛੇ** b) ਸੱਤ

c) ਅੱਠ d) ਦਸ

6) ਕਈ ਵਾਕਾ ਵਿੱਚ ਇਕੱਲਾ 'ਹੈ' ਜਾਂ 'ਸੀ' ਸ਼ਬਦ ਹੀ ਕਿਰਿਆ ਦਾ ਰੂਪ ਹੁੰਦਾ ਹੈ, ਉਸਨੂੰ ਕਿਹਾ ਜਾਂਦਾ ਹੈ:

a) ਪੂਰਨ ਕਿਰਿਆ b) ਅਕਰਮਕ ਕਿਰਿਆ

c) ਸਕਰਮਕ ਕਿਰਿਆ d) **ਸੰਸਰਗੀ ਕਿਰਿਆ**

7) 'ਪੁਆਧੀ' ਹੈ:

a) ਭਾਸ਼ਾ b) ਖੇਤਰ

c) **ਉਪ-ਭਾਸ਼ਾ** d) ਵਿਆਕਰਨ

8) ਸੰਬੰਧਕ ਚੁਣੋ:

a) ਮੈਂ,ਮਾਡਾ b) ਤੂੰ, ਤੁਸੀਂ

c) **ਦਾ, ਦੇ** d) ਕੌਣ, ਕਦੋਂ

9) ਸ਼ੁੱਧ ਸ਼ਬਦ ਜੋੜ ਚੁਣੋ:

a)ਬੁਡਾ b) **ਬੁੱਢਾ**

c) ਬੁਢਾ d) ਬੁੱਡਾ

10) ਊਠ ਤੋਂ ਛਾਨਣੀ ਲਾਹਿਆ ........... ਅਖਾਣ ਪੂਰਾ ਕਰੋ:

a) **ਭਾਰ ਹੋਲਾ ਨਹੀਂ ਹੁੰਦਾ** b) ਊਠ ਬੈਠ ਜਾਂਦਾ ਹੈ

c) ਊਠ ਤੁਰ ਨਹੀਂ ਸਕਦਾ d) ਊਠ ਦਾ ਭਾਰ ਘਟ ਜਾਂਦਾ ਹੈ

## FIELD OFFICER

1) ਸ਼ੁੱਧ ਸ਼ਬਦ ਜੋੜ ਚੁਣੋ:

a) ਪੜਾਈ b) ਪੜ੍ਹਾਇ

c) ਪੜ੍ਹਾਈ d) ਪਢ੍ਹਾਈ

2) 'ਭੇਡਾਂ ਦੀ ਚਾਲ' ਤੇ ਕਿਹੜਾ ਸਮਾਸੀ ਸ਼ਬਦ ਬਣੇਗਾ:

**a) ਭੇਡ-ਚਾਲ** b) ਭੇਡਚਾਲੀ

c) ਭੇਡਾਂ ਵਰਗੀ ਚਾਲ d)ਭੇਡਚਾਲ

3) 'ਭਿਉਣਾ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ:

a) ਸੁੱਕਣਾ **b) ਸੁਕਾਉਣਾ**

c) ਸੁੰਗੜਨਾ d) ਭਿੱਜਣਾ

4) ਕਿਹੜਾ ਸ਼ਬਦ 'ਮੌਤ' ਸ਼ਬਦ ਦਾ ਸਮਾਨਾਰਥੀ ਨਹੀਂ ਹੈ:

a) ਦਿਹਾਂਤ b) ਚੜ੍ਹਾਈ

c) ਪਰਲੋਕ d) ਕਾਲ

5) 'ਕੰਡਾ' ਸ਼ਬਦ ਦਾ ਸਮਾਨਾਰਥਕ ਚੁਣੋ:

a) ਕੰਢਾ b) ਸੂਲੀ

c) ਸੂਲ d) ਮੇਖ

6) ਭਾਵ-ਵਾਚਕ ਨਾਂਵ ਚੁਣੋ:

a) ਗਮੀ,ਖ਼ੁਸ਼ੀ b) ਮਕਾਨ, ਸਕੂਲ

c) ਅਸੀ, ਤੁਸੀ d) ਸੈਨਾ, ਸ੍ਰੇਣੀ

7) ਵਾਕਾਂ ਵਿੱਚ ਪੜਨਾਂਵ ਵਰਤਣ ਨਾਲ ਕੀ ਲਾਭ ਹੁੰਦਾ ਹੈ:

a) ਵਾਕ ਸੰਖੇਪ ਰਹਿ ਜਾਂਦੇ ਹਨ b) ਵਾਕ ਗੁੰਝਲਦਾਰ ਬਣ ਜਾਂਦੇ ਹਨ

c)ਵਾਕਾਂ ਦੇ ਅਰਥ ਬਦਲ ਜਾਂਦੇ ਹਨ d) ਨਾਂਵ ਨੂੰ ਵਾਰ ਵਾਰ ਦੁਹਰਾਉਣਾ ਨਹੀਂ ਪੈਂਦਾ

8) ਕਿਰਿਆ-ਵਿਸ਼ੇਸ਼ਣ ਦੀਆਂ ਕਿਸਮਾਂ ਹੁੰਦੀਆਂ ਹਨ:

a) ਅੱਠ b) ਸੱਤ

c) ਛੇ d) ਪੰਜ

9) ਦਾ, ਦੇ, ਦੀਆਂ ਸ਼ਬਦ ਹੇਠ ਲਿਖਿਆਂ ਚੋਂ ਕੀ ਹੈ:

a) ਵਿਸ਼ੇਸ਼ਣ b) ਪੜਨਾਂਵ

**c) ਸੰਬੰਧਕ** d) ਯੋਜਕ

10) 'ਅੱਖਾਂ ਮੀਟ ਜਾਣਾ' ਮੁਹਾਵਰੇ ਦਾ ਕੀ ਅਰਥ ਹੈ:

a) ਸੌਂ ਜਾਣਾ b) ਅੱਖਾਂ ਬੰਦ ਕਰਨਾ

c) ਸੁਸਤੀ ਪੈਣੀ d) ਪਰਲੋਕ ਸਿਧਾਰ ਜਾਣਾ

## MANAGER IT (17-01-2015)

1) ਸ਼ੁੱਧ ਸ਼ਬਦ ਜੋੜ ਚੁਣੋ:

a) ਦੁੱਦ b) ਦੁੱਧ

c) ਦੂੱਧ d) ਦੁਧ

2) ਕਿਹੜਾ ਸ਼ਬਦ 'ਸਬਰ' ਦਾ ਸਮਾਨਾਰਥੀ ਨਹੀਂ ਹੈ:

a) ਸੰਤੋਖ b) ਰੱਜ

c) ਸੰਤੁਸ਼ਟੀ d) ਭੁੱਖ

3) ਕਿਹੜਾ ਸ਼ਬਦ 'ਕੰਡਾ' ਸ਼ਬਦ ਦੇ ਬਹੁ-ਅਰਥਕ ਵਜੋਂ ਨਹੀਂ ਵਰਤਿਆ ਜਾ ਸਕਦਾ ਹੈ:

a) ਤੱਕੜ b) ਸੂਲ

c) ਹੱਡੀ **d)** ਕੰਢਾ

4) ਨਾਂਵ ਸ਼ਬਦ ਚੁਣੋ:

a) ਤੇਜ b) ਕੁਰਸੀ

c) ਹੱਸਣਾ d) ਉਹ

5) ਪੜਨਾਂਵ ਦੀਆਂ ਕਿਸਮਾਂ ਹੁੰਦੀਆਂ ਹਨ:

a) ਛੇ b) ਪੰਜ

c) ਚਾਰ d) ਅੱਠ

6) 'ਅਕ' ਪਿਛੇਤਰ ਕਿਸ ਸ਼ਬਦ ਵਿੱਚ ਨਹੀਂ ਹੈ:

a) ਪਾਲਕ b) ਤੈਰਾਕ

c) ਪਾਠਕ d) ਕਾਰਕ

7) ਪਰਿਮਾਣ ਵਾਚਕ ਵਿਸ਼ੇਸ਼ਣ ਚੁਣੋ:

a) ਪੰਜ ਮੀਟਰ b) ਤੁਹਾਡਾ ਘਰ

c) ਇਹ d) ਕਾਲਾ ਗੋਰਾ

8) ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿਹੜੀ ਲਿੱਪੀ ਦੀ ਵਰਤੋਂ ਹੁੰਦੀ ਹੈ:

a) ਦੇਵਨਾਗਰੀ b) ਰੋਮਨ

c) ਫਾਰਸੀ d) ਗੁਰਮੁਖੀ

9) 'ਫੜਾਂ ਮਾਰਨੀਆਂ' ਦਾ ਅਰਥ ਹੈ:

a) ਕਹਾਣੀਆਂ ਸੁਣਾਉਣੀਆਂ b) ਗੱਪਾਂ ਮਾਰਨੀਆਂ

c) ਚੁਗਲੀ ਕਰਨੀ d) ਪ੍ਰੰਸਸਾਂ ਕਰਨੀ

10) ਉਠ ਤੋਂ ਛਾਨਣੀ ਲਾਹਿਆਂ ............... ਅਖਾਣ ਪੂਰਾ ਕਰੋ:

a) ਭਾਰ ਹੌਲਾ ਨਹੀਂ ਹੁੰਦਾ b) ਉਠ ਬੈਠ ਜਾਂਦਾ ਹੈ

c) ਉਠ ਤੁਰ ਨਹੀਂ ਸਕਦਾ d) ਉਠ ਦਾ ਭਾਰ ਘਟ ਜਾਂਦਾ ਹੈ

## SENIOR ASSISTANT ACCOUNTS (18-01-2015)

1) ਉਹ ਸ਼ਬਦ ਜਿਹੜੇ ਕਿਰਿਆ ਵਾਂਗ ਜਾਪਦੇ ਹਨ ਕੰਮ ਦਾ ਸਮਾਂ ਨਾ ਦੱਸਣ ਜਿਵੇਂ – ਖਾਣਾ, ਪੀਣਾ ਕੀ ਹਨ:

a) ਵਿਸ਼ੇਸ਼ਣ b) ਨਾਂਵ

c) ਪੜਨਾਂਵ d) ਕਾਰਕਦੰਤਕ

2) ਹੇਠ ਲਿਖਿਆਂ ਵਿਚੋਂ ਸ਼ੁਧ ਵਾਕ ਚੁਣੋ:

a) ਤੁਸੀਂ ਕਿੱਥੇ ਰਹਿੰਦੇ ਹੋ; b) ਕਿਥੇ ਰਹਿੰਦੇ ਹੋ ਤੁਸੀ?

c) ਰਹਿੰਦੇ ਹੋ ਕਿਥੇ ਤੁਸੀਂ? d) ਤੁਸੀਂ ਹੋ ਕਿੱਥੇ ਰਹਿੰਦੇ?

3) ਬਣਤਰ ਅਨੁਸਾਰ ਵਾਕ ਦੀਆਂ ਕਿਸਮਾਂ ਹੁੰਦੀਆਂ ਹਨ:

a) ਤਿੰਨ b) ਚਾਰ

c) ਪੰਜ d) ਛੇ

4) ਮਾਝੀ ਕੀ ਹੈ:

a) ਭਾਸ਼ਾ b) ਖੇਤਰ

c) ਉਪ-ਭਾਸ਼ਾ d) ਭਾਸ਼ਾ ਦਾ ਪ੍ਰਸ਼ਧ

5) ਸ਼ੁੱਧ ਮੁਹਵਰਾ ਚੁਣੋ:

a) ਹੱਥ ਵੇਖਣੇ b) ਹੱਥ ਲਾਉਣੇ

c) ਹੱਥ ਅੱਡਣੇ d) ਹੱਥ ਹਿਲਾਉਂਣੇ

6) ਕਾਵਾਂ ਦੇ ਆਖੇ ............. ਅਖਾਣ ਪੂਰੀ ਕਰੋ:

a) ਚੋਰ ਨਹੀਂ ਮਰਦੇ b) ਢੋਰ ਨਹੀਂ ਮਰਦੇ

c) ਬੰਦੇ ਨਹੀਂ ਮਰਦੇ d) ਜਾਨਵਰ ਨਹੀਂ ਮਰਦੇ

7) ਵਿਸ਼ੇਸ਼ਣ ਦੀਆਂ ਕਿਸਮਾਂ ਹਨ:

a) ਪੰਜ b) ਛੇ

c) ਸੱਤ d) ਅੱਠ

8) ਸਹੀ ਸ਼ਮਾਸੀ ਸ਼ਬਦ ਚਣੋ:

a) ਬੋਲ-ਗੱਲ b) ਬੋਲ-ਕਹਿ

c) ਬੋਲ-ਕਸੇਲ d) ਬੋਲ-ਬੁਲਾਉਣਾ

9) ਉਹ ਰਚਿਤ ਸ਼ਬਦ ਜਿਹੜੇ ਮੂਲ ਸ਼ਬਦਾਂ ਨਾਲ ਅਗੇਤਰ/ਪਿਛੇਤਰ ਲਾ ਕੇ ਖਣਾਏ ਜਾਣ, ਹੁੰਦੇ ਹਨ:

a) ਧਾਤੂ b) ਕਿਰਿਆ

**c)** ਉਤਪੰਨ d) ਵਿਸ਼ੇਸ਼ਣੀ ਸ਼ਬਦ

10) ਹੇਠ ਲਿਖੇ ਸ਼ਬਦਾਂ ਚੋਂ ਸ਼ੁੱਧ ਸ਼ਬਦ ਚੁਣੋਂ:

a) ਸੇਹਤ b) ਸੇਅਤ

**c)** ਸਿਹਤ d) ਸ਼ੇਹਤ

## ASSISTANT MANAGER ACCOUNTS/ DEPUTY DISTRICT MANAGER ACCOUNTS

1) ਸਮਾਸੀ ਸ਼ਬਦ ਚੁਣੋ:

a) ਤੀਵੀਂ-ਸੁਹਾਗਣ b) ਕੁੜੀ-ਸੁਹਾਗਣ

c) ਜੁਆਕ-ਸੁਹਾਗਣ d) ਬੁੱਢ-ਸੁਹਾਗਣ

2) ਕਿਹੜਾ ਸ਼ਬਦ 'ਸਬਰ' ਦਾ ਸਮਾਨਾਰਥੀ ਨਹੀਂ ਹੈ:

a)ਸੰਤੋਖ b) ਰੱਜ

c) ਸੰਤੁਸ਼ਟੀ d) ਭੁੱਖ

3) ਕਿਹੜਾ ਸ਼ਬਦ 'ਦੂਰ' ਦਾ ਵਿਰੋਧੀ ਨਹੀਂ ਹੈ:

a) ਨੇੜੇ b) ਪਾਸ

c) ਸਾਹਮਣੇ d) ਕੋਲ

4) ਪੜਨਾਂਵ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ:

a) ਪੰਜ b) ਛੇ

c) ਚਾਰ d) ਸੱਤ

5) 'ਉਹ ਅਮੀਰ ਹੈ, ਫਿਰ ਵੀ ਕਿਸੇ ਦਾ ਦਿਲ ਨਹੀਂ ਦੁਖਾਉਂਦਾ' ਕਿਹੜਾ ਵਾਕ ਹੈ:

a) ਸਾਧਾਰਨ b) ਵਿਸਮਿਕ

c) ਸੰਯੁਕਤ d) ਮਿਸ਼ਰਤ

6) 'ਸਹੇਲੀ' ਦਾ ਪੁਲਿੰਗ ਚੁਣੋ:

a) ਸਹੇਲਣ b)ਸਹੇਲਾ

c) ਮਿੱਤਰ d)ਸਹੇਲਣੀ

7) ਕਰ, ਖਾ, ਸੁਣ ਕੀ ਹਨ:

a) ਕਿਰਿਆਵਾਂ b) ਨਾਂਵ

c) ਪੜਨਾਂਵ d) ਧਾਤੂ

8) 'ਲੋਈ ਲਾਹੁਣੀ' ਦਾ ਅਰਥ ਹੈ:

a) ਸ਼ਰਮ ਲਾਹੁਣੀ b) ਵੱਡਾ ਕਰਨਾ

c) ਚਾਦਰ ਪਾ ਦੇਣਾ d) ਸਰਦੀ ਲਗਣੀ

9) ਜਾਤ ਦੀ ਕੋਹੜ-ਕਿਰਲੀ ............ ਅਖਾਣ ਪੂਰੀ ਕਰੋ:

a) ਕੰਮ ਵੱਡੇ ਵੱਡੇ b) ਸ਼ਤੀਰਾਂ ਨੂੰ ਜੱਫੇ

c) ਉਠਿਆ ਜਾਂਦਾ ਨਹੀਂ d) ਫਿੱਟੇ ਮੂੰਹ ਗੋਡਿਆਂ ਦੇ

10) ਹੇਠ ਲਿਖੇ ਸ਼ਬਦਾਂ ਚੋਂ ਸ਼ੁੱਧ ਸ਼ਬਦ ਚੁਣੋਂ:

a) ਸੇਹਤ b) ਸੇਅਤ

**c) ਸਿਹਤ** d) ਸ਼ੇਹ

## SENIOR ASSISTANT (20-06-2015)

1) ਉਠ ਤੋਂ ਛਾਣਨੀ ਲਾਹਿਆਂ ........... ਅਖਾਣ ਪੂਰਾ ਕਰੋ।

a) ਭਾਰ ਹੌਲਾ ਨਹੀਂ ਹੁੰਦਾ    b) ਉਠ ਬੈਠ ਜਾਂਦਾ ਹੈ

c) ਉਠ ਤੁਰ ਨਹੀਂ ਸਕਦਾ    d) ਉਠ ਦਾ ਭਾਰ ਘਟ ਜਾਂਦਾ ਹੈ

2) ਦਾਲ ਨਾ ਗ਼ਲਣੀ ਦਾ ਕੀ ਅਰਥ ਹੈ:

a) ਦਾਲ ਘਟਿਆ ਹੋਣੀ    b) ਸੇਕ ਘੱਟ ਹੋਣਾ

c) ਆਪਸ ਵਿੱਚ ਨਾ ਬਣਨੀ    d) ਦਾਲ ਵਿੱਚ ਨੁਕਸ ਹੋਣਾ

3) ਹੇਠ ਲਿਖਿਆਂ ਵਿਚ ਸਹੀ ਸ਼ਬਦ-ਜੋੜ ਵਾਲਾ ਸ਼ਬਦ ਚੁਣੋ:

a) ਸੇਹਤ    b) ਸੇਅਤ

c) ਸੇਹਤ    **d)** ਸਿਹਤ

4) ਸਹੀ ਸਮਾਸੀ ਸ਼ਬਦ ਚੁਣੋ:

a) ਹੱਕ ਹਰਾਮ    **b)** ਹਕ-ਹਲਾਲ

c) ਹੱਕ-ਨਹੱਕ    d) ਹੱਕ-ਕਮਾਈ

5) 'ਊਣਾ'ਦਾ ਕੀ ਅਰਥ ਹੈ:

a) ਘੱਟ    b) ਪੂਰਾ

c) ਸਾਰਾ    d) ਅਖੀਰ

6) 'ਕੌਂਝਾ' ਦਾ ਕੀ ਅਰਥ ਹੈ:

a) ਘੱਟ    b) ਪੂਰਾ

**c)** ਸਾਰਾ    d) ਅਖੀਰ

7) 'ਤੁਛ' ਦਾ ਕੀ ਅਰਥ ਹੈ:

a) ਅਦਾਨਾ    b) ਵੱਡਾ

c) ਮੋਟਾ    d) ਸੰਤੁਸ਼ਟੀ

8 ) 'ਕੁੜਤਨ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ:

a) ਨਮਕੀਨ    b)ਮਿਠਾਸ

c) ਫਿੱਕਾ    d) ਕੌੜਾ

9) 'ਕਿਹੜਾ ਸ਼ਬਦ 'ਦੂਰ' ਸ਼ਬਦ ਦਾ ਵਿਰੋਧੀ ਨਹੀਂ ਹੈ:

a)ਨੇੜੇ    b) ਪਾਸ

c) ਸਾਹਮਣੇ    d) ਕੋਲ

10) ਕਿਹੜਾ ਸ਼ਬਦ 'ਕੰਢਾ' ਸ਼ਬਦ ਦੇ ਬਹੁ-ਅਰਥਕ ਵਜੋਂ ਨਹੀਂ ਵਰਤਿਆਂ ਜਾ ਸਕਦਾ:

a) ਤੱਕੜ    b) ਸੂਲ

c) ਹੱਡੀ    **d)** ਕੰਢਾ

11) ਜਿਹੜਾ ਸ਼ਬਦ ਕਿਸੇ ਨਾਂਵ ਦੀ ਥਾਂ ਵਰਤਿਆ ਜਾਵੇ ਨੂੰ ਕਿਹਾ ਜਾਂਦਾ ਹੈ:

a) ਨਾਂਵ b) ਕਿਰਿਆ

c) ਵਿਸ਼ੇਸ਼ਣ **d) ਪੜਨਾਂਵ**

12) ਨਰ ਅਤੇ ਮਾਦਾ ਤੇ ਅੰਤਰ ਨੂੰ ਪੰਜਾਬੀ ਵਿਆਕਰਣ ਵਿੱਚ ਕਿਹਾ ਜਾਂਦਾ ਹੈ:

a) ਬਹੁ-ਵਚਨ b) ਇੱਕ-ਵਚਨ

**c) ਲਿੰਗ-ਭੇਦ** d) ਮਰਦ-ਔਰਤ

13) ਪੜਨਾਂਵ ਦੀਆਂ ਕਿਸਮਾਂ ਹਨ:

a) **ਛੇ** b) ਸੱਤ

c) ਪੰਜ d) ਅੱਠ

14) ਅਰਥਾਂ ਦੇ ਆਧਾਰ 'ਤੇ ਵਿਸ਼ੇਸ਼ਣ ਦੀਆਂ ਕਿੰਨੀਆਂ ਸ਼੍ਰੇਣੀਆਂ ਹੁੰਦੀਆਂ ਹਨ:

a) ਛੇ b) ਅੱਠ

c) **ਪੰਜ** d) ਦਸ

15) ਕਿਰਿਆ ਕਰਨ ਵਾਲੇ ਨੂੰ ਕਿਹਾ ਜਾਂਦਾ ਹੈ:

a) ਕਰਮ b) **ਕਰਤਾ**

c) ਕਿਰਿਆ-ਰੂਪ d) ਕਿਰਦੰਤ

16) ਰੂਪ ਦੇ ਪੱਖ ਤੋਂ ਸੰਬੰਧਕਾਂ ਦੀਆਂ ਕਿੰਨੀਆਂ ਸ਼੍ਰੇਣੀਆਂ ਹੁੰਦੀਆਂ ਹਨ:

**a) ਦੋ** b) ਪੰਜ

c) ਛੇ d) ਅੱਠ

17) 'ਹੈ!ਹੈ! ਇਹ ਕੀ ਹੋਇਆ? ਵਾਕ ਵਿੱਚ ਹੈ!ਹੈ! ਕੀ ਹੈ:

a) ਪ੍ਰਸ਼ਨ ਵਾਚਕ b) **ਵਿਸਮਿਕ**

c) ਯੋਜਕ d) ਸੰਬੰਧਕ

18) ਭਾਸ਼ਾ ਦਾ ਛੋਟੀ ਤੋਂ ਛੋਟੀ ਸਾਰਥਕ ਇਕਾਈ ਨੂੰ ਕਿਹਾ ਜਾਂਦਾ ਹੈ:

a) ਧਾਤੂ b) ਸਮਾਸ

c) **ਭਾਵਾਂਸ਼** d) ਧੁਨੀ

19) ਭਾਸ਼ਾ ਦੀ ਵੱਡੀ ਤੋਂ ਵੱਡੀ ਵਿਆਕਰਨਿਕ ਇਕਾਈ ਨੂੰ ਕਿਹਾ ਜਾਂਦਾ ਹੈ:

**a) ਸ਼ਬਦ** b)ਪੈਰ੍ਹਾਂ

c) ਵਾਕ d)ਵਿਧੇਅ

20 ) ਗੁਰਮੁਖੀ ਲਿੱਪੀ ਵਿਚ ਕਿੰਨੇ ਅੱਖਰ ਹਨ:

a) 32 b) **35**

c) 38 d) 42

Earn Money JOBS.com GET DAILY EMPLOYMENT NEWS

## PUNSUP SENIOR ASSISTANT (ACCOUNT) – MAY 2015

1. 'ਪੁਆਧੀ' ਕੀ ਹੈ?

a)ਖੇਤਰ c)ਭਾਸ਼ਾ

c)ਲਿੱਪੀ d)**ਉਪ-ਭਾਸ਼ਾ**

2. ਪੜਨਾਂਵ ਦੀਆਂ ਕਿੰਨੀ ਕਿਸਮਾਂ ਹੁੰਦੀਆਂ ਹਨ:

a)ਪੰਜ c)**ਛੇ**

c)ਸੱਤ d)ਅੱਠ

3.ਅਰਥਾਂ ਦੇ ਆਧਾਰ 'ਤੇ ਵਿਸ਼ੇਸ਼ਣਾਂ ਦੀਆਂ ਸ਼੍ਰੇਣੀਆਂ ਹੁੰਦੀਆਂ ਹਨ:

a)**ਪੰਜ** b)ਛੇ

c)ਚਾਰ d)ਅੱਠ

4.'ਇੱਕ ਮੁੰਡਾ ਪੜ੍ਹਦਾ ਹੈ' ਦਾ ਸਹੀ ਸੰਬੰਧਕੀ ਰੂਪ ਚੁਣੋ:

a)ਕੀ ਇੱਕ ਮੁੰਡਾ ਪੜ੍ਹਦਾ ਹੈ? b)ਕੋਈ ਮੁੰਡਾ ਨਹੀਂ ਪੜ੍ਹਦਾ

c)ਇੱਕ ਮੁੰਡਾ ਕਿਉਂ ਪੜ੍ਹਦਾ ਹੈ d)**ਇੱਕ ਮੁੰਡੇ ਨੇ ਕਵਿਤਾਂ ਪੜ੍ਹੀ**

5.ਜਿਸ ਕਿਰਿਆ ਨਾਲ ਕਰਮ ਦਾ ਆਉਣਾ ਜ਼ਰੂਰੀ ਹੋਵੇ, ਕਿਹਾ ਜਾਂਦਾ ਹੈ:

a)**ਸਕਰਮਕ ਕਿਰਿਆ** b)ਅਕਰਮਕ ਕਿਰਿਆ

c)ਸੰਸਕਗੀ ਕਿਰਿਆ d)ਪੜ੍ਹਨਾਂਵੀ ਕਿਰਿਆ

6.ਭਾਸ਼ਾ ਦੀ ਵੱਡੀ ਤੋਂ ਵੱਡੀ ਇਕਾਈ ਨੂੰ ਕਿਹਾ ਜਾਂਦਾ ਹੈ:

a)ਭਾਵਾਂਸ਼ b)ਸ਼ਬਦ

c)ਧਾਤੂ d)**ਵਾਕ**

7.ਸਹੀ ਸ਼ਬਦ ਚੁਣ ਕੇ ਮੁਹਾਵਰਾ ਪੂਰਾ ਕਰੋ:

'ਜੰਗਰ ਵਿੱਚ...........'

a)ਦੰਗਲ ਹੋਣਾ b)**ਮੰਗਲ ਹੋਣਾ**

c)ਸੁੰਨ ਹੋਣੀ d)ਚੋਰ ਆਉਂਣੇ

8.ਕਿਸੇ ਨੂੰ ਹਰਾ ਦਿੱਤਾ ਹੋਵੇ ਤਾਂ ਕਿਹੜਾ ਮੁਹਾਵਰਾ ਵਰਤਿਆਂ ਜਾਂਦਾ ਹੈ:

a)ਦੰਦ ਪੀਹਣੇ b)ਦੰਦ ਭੰਨਣੇ

c)ਦੰਦ ਕੱਢਣੇ d)**ਦੰਦ ਖੱਟੇ ਕਰਨੇ**

9.ਭਾਸ਼ਾ ਦੀ ਦ੍ਰਿਸ਼ਟੀ ਤੋਂ 'ਸ' 'ਹ' 'ਕ' 'ਖ' 'ਗ' ਅੱਖਰ ਕੀ ਹਨ:

a)ਦੁੱਤ ਅੱਖਰ b)ਸ੍ਵਰ

c)ਅਰਧ ਸ੍ਵਰ d)**ਵਿਅੰਜਨ**

10.ਸਹੀ ਸ਼ਬਦ-ਜੋੜ ਵਾਲਾ ਸ਼ਬਦ ਚੁਣੋ:

a)ਕੋਹਾ b)**ਕਿਹਾ**

c)ਕੀਹਾ d)ਕਿਹ੍ਹਾ

## PUNSUP PROGRAMMER & MANAGER (HR)

1. ਪੋਠੋਹਾਰੀ ਕੀ ਹੈ?

a)ਖੇਤਰ b)**ਉਪ-ਭਾਸ਼ਾ** c) ਲਿੱਪੀ d)ਭਾਸ਼ਾ

2.ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

a)**ਪੰਜ** b)ਛੇ

c)ਸੱਤ d)ਅੱਠ

3.ਸ਼ਬਦ ਰਚਨਾ ਤੋਂ ਕੀ ਭਾਵ ਹੈ?

a)**ਕਿਸੇ ਸ਼ਬਦ ਤੋਂ ਦੂਸਰੇ ਹੋਰ ਸ਼ਬਦ ਬਣਾਉਂਣਾ**

b)ਵਾਕ ਵਿੱਚ ਮੁਹਾਵਰਿਆਂ ਤੇ ਅਖੌਤਾਂ ਦੀ ਵਰਤੋਂ ਕਰਨਾ

c)ਵਾਕ ਦੇ ਹਰ ਸ਼ਬਦ ਨੂੰ ਇੱਕ ਦੂਜੇ ਤੋਂ ਸੁੰਤਤਰ ਰੱਖਣਾ

d)ਵਾਕ ਵਿੱਚ ਹਾਂ-ਵਾਚਕ ਜਾਂ ਨਾਂਹ-ਵਾਚਕ ਭਾਵ ਪ੍ਰਗਟ ਕਰਨਾ

4. 'ਅਗਿਆਨੀ' ਉਤਪੰਨ ਸ਼ਬਦ ਵਿੱਚ ਮੂਲ ਸ਼ਬਦ ਕਿਹੜਾ ਹੈ?

a)ਆਨੀ b)ਆਕਾਨੀ

c)**ਆਗਿਆ** d)ਕੋਈ ਨਹੀਂ

5.'ਕਾਸ਼! ਮੈਂ ਤੁਹਾਡੀ ਸਹਾਇਤਾ ਕਰ ਸਕਦਾ' ਵਾਕ ਦੀ ਕਿਸਮ ਹੈ:

a)ਨਾਂਹ-ਵਾਚਕ b)**ਵਿਸਮੇ-ਵਾਚਕ**

c)ਹਾਂ-ਵਾਚਕ d)ਸ਼੍ਰੇਣੀ-ਵੰਡ

6.ਸ਼ਬਦ ਨੇ, ਨੂੰ ਅਤੇ ਦਾ, ਕੀ ਹਨ?

a)ਵਿਸਮਿਕ b)ਵਿਧੇਅ

c)**ਸੰਬੰਧਕ** d)ਯੋਜਕ

7.ਵਾਕ ਦੇ ਮੁੱਖ ਹਿੱਸੇ ਕਿੰਨੇ ਹੁੰਦੇ ਹਨ:

a)**ਦੋ** b)ਚਾਰ

c)ਪੰਜ d)ਸੱਤ

8.ਜਿਹੜਾ ਵਾਕਾਂਸ਼ ਕਿਸੇ ਨਾਂਵ ਦੀ ਥਾਂ ਆਏ, ਨੂੰ ਕਿਹਾ ਜਾਂਦਾ ਹੈ:

a)ਪੜਨਾਂਵ ਵਾਕਾਂਸ b)ਉਦੇਸ਼ ਵਾਕਾਂਸ

c)ਨਾਂਵ ਵਾਕਾਂਸ d)**ਵਿਸ਼ੇਸ਼ਣ**

9.ਅਖਾਣ ਪੂਰਾ ਕਰੋ: ਇੱਕ ਅਨਾਰ ...................

a)ਸੌ ਸੇਬ b)ਦਸ ਅਮਰੂਦ

c)ਵੀਹ ਕੇਲੇ d)**ਸੌ ਬਿਮਾਰ**

10.ਊਠ ਤੋਂ ਛਾਨਣੀ ਲਾਹਿਆ ............... ਅਖਾਣ ਪੂਰਾ ਕਰੋ:

a)**ਭਾਰ ਹੌਲਾ ਨਹੀਂ ਹੁੰਦਾ** b)ਊਠ ਬੈਠ ਜਾਂਦਾ ਹੈ

c)ਊਠ ਤੁਰ ਨਹੀਂ ਸਕਦਾ d)ਊਠ ਅੜ ਜਾਂਦਾ ਹੈ

## PUDA SENIOR ASSISTANT (ACCOUNT 21-11-2015)

1.ਬਣਤਰ ਅਨੁਸਾਰ ਵਾਕ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ:

a)**ਚਾਰ** b)ਪੰਜ

c)ਛੇ d)ਸੱਤ

2.ਵਿਸ਼ੇਸ਼ਣ ਦੀਆਂ ਕਿਸਮਾਂ ਕਿੰਨੀਆਂ ਹੁੰਦੀਆਂ ਹਨ:

a)ਅੱਠ b)ਸੱਤ

c)ਛੇ d)**ਪੰਜ**

3.ਕਈ ਵਾਕਾਂ ਵਿੱਚ 'ਹੈ' ਜਾਂ 'ਸੀ' ਇੱਕਲਾ ਸ਼ਬਦ ਹੀ ਕਿਰਿਆ ਦਾ ਰੂਪ ਹੁੰਦਾ ਹੈ, ਉਸ ਨੂੰ ਕਿਹਾ ਜਾਂਦਾ ਹੈ:

a)ਸਹਾਇਕ ਕਿਰਿਆ b)ਮੁੱਖ ਕਿਰਿਆ

c)**ਸੰਸਰਗੀ ਕਿਰਿਆ** d)ਕਿਰਿਆ ਵਿਸ਼ੇਸ਼ਣ

4.ਮਾਝੀ ਕੀ ਹੈ:

a)ਖੇਤਰ b)ਭਾਸ਼ਾ

c)**ਉਪ-ਭਾਸ਼ਾ** d)ਟਕਸਾਲੀ ਭਾਸ਼ਾ

5.ਪੰਜਾਬੀ ਭਾਸ਼ਾ ਦੀ ਜਨਮਦਾਤਾ ਹੈ:

a)ਸਿੱਧੀ b)ਅੰਗਰੇਜ਼ੀ

c)ਹਿੰਦੀ d)**ਸੰਸਕ੍ਰਿਤ**

6.ਵਰਤਮਾਨ ਕਾਲ ਚੁਣੋ:

a)**ਹੈ** b)ਸੀ

c)ਗਾ d)ਦਾ

7. ਮੀਂਹ ਬਰਸਾਤ, ਬਾਰਸ਼ ਆਦਿ ਸ਼ਬਦਾਂ ਦਾ ਹੋਰ ਕਿਹੜਾ ਸਮਾਨਰਥੀ ਹੋ ਸਕਦਾ ਹੈ:

a)ਹਨੇਰੀ b)ਗੜੇ

c)ਤੂਫ਼ਾਨ d)**ਵਰਖਾ**

8.ਸ਼ੁੱਧ ਮੁਹਾਵਰਾ ਚੁਣੋ:

a)ਅੱਖਾਂ ਖੋਲ੍ਹ ਛੱਡਣੀਆਂ b)**ਅੱਖਾਂ ਮੀਟ ਜਾਣਾ**

c)ਅੱਖਾਂ ਘੁਮਾ ਛੱਡਣੀਆਂ d)ਅੱਖਾਂ ਵਿੱਚ ਦਵਾ ਪਵਾ ਛੱਡਣੀ

9.ਉਹ ਦਿਨ ਡੁੱਬਾ .................. ਅਖਾਣ ਪੂਰਾ ਕਰੋ:

a)ਤਾਂ ਮੋਹਲੇ ਵੱਜਣਗੇ b)ਕੋਈ ਨਾ ਬੁੱਝੇ

c)ਵਧਾਈਆਂ ਕਿਤੇ d)**ਜਦ ਘੋੜੀ ਚੜ੍ਹਿਆ ਕੁੱਬਾ**

10.ਟਿੱਪੀ ਦੀ ਵਰਤੋਂ ਵਾਲਾ ਠੀਕ ਸ਼ਬਦ-ਜੋੜ ਚੁਣੋ:

a)**ਪਿੰਡ** b)ਪਿਡੰ

c)ਪੀਡੰ d)ਪਿੰਡਿ

## PUNSUP SENIOR ASSISTANT MAY-2015

1.’ਲਹਿੰਦੀ’ ਕੀ ਹੈ:

a) ਲਿੱਪੀ c) ਖੇਤਰ

c)ਭਾਸ਼ਾ d) **ਉਪ-ਭਾਸ਼ਾ**

2.ਆਦਰਸ਼ ਵਿਦਿਆਰਥੀ ਕਦੇ ਝੂਠ ਨਹੀਂ ਬੋਲਦਾ”, ਵਾਕ, ਵਾਕ ਦੀ ਕਿਹੜੀ ਕਿਸਮ ਹੈ:

a)ਪ੍ਰਸ਼ਨ-ਵਾਚਕ b)ਹਾਂ-ਵਾਚਕ

c)**ਨਾਂਹ-ਵਾਚਕ** d)ਵਿਸਮੈ-ਵਾਚਕ

3.ਜਿਹੜੇ ਵਾਕਾਂਸ਼ ਵਿਸ਼ੇਸ਼ਣ ਦਾ ਕੰਮ ਦਿੰਦੇ ਹਨ, ਨੂੰ ਕਿਹਾ ਜਾਂਦਾ ਹੈ:

a)ਵਿਸ਼ੇਸ਼ਣ b)ਨਾਂਵ-ਵਾਕਾਂਸ਼

c)**ਵਿਸ਼ੇਸ਼ਣੀ ਵਾਕਾਂਸ਼** d)ਕਿਰਿਆ ਵਾਕਾਂਸ

4.ਜਿਸ ਸਬਦ ਤੋਂ ਕਾਲ ਸਹਿਤ ਕੁਝ ਕਰਨ, ਹੋਣ, ਵਾਪਰਨ ਦਾ ਪਤਾ ਲੱਗੇ, ਨੂੰ ਕਿਹਾ ਜਾਂਦਾ ਹੈ:

a)ਕਿਰਿਆ ਵਿਸ਼ੇਸ਼ਣ b)**ਕਿਰਿਆ**

c)ਕਰਮ d)ਕਰਤਾ

5.ਭਾਸ਼ਾ ਦੀ ਛੋਟੀ ਤੋਂ ਛੋਟੀ ਇਕਾਈ ਹੈ

a)ਸ਼ਬਦ b)**ਧੁਨੀ**

c)ਵਾਕ d)ਵਿਆਕਰਨ

6.ਜਿਹੜੇ ਸ਼ਬਦ ਵਾਕਾਂ ਵਾਕਾਂਸ਼ਾ ਜਾਂ ਸਬਦਾਂ ਨੂੰ ਇਕ ਦੂਜੇ ਨਾਲ ਜੋੜਦੇ ਹਨ, ਹੁੰਦੇ ਹਨ:

a)ਵਿਸਮਿਕ b)ਸੰਬੰਧਕ

c)ਵਿਧੇਅ d)**ਯੋਜਕ**

7.ਜਿਹੜੇ ਸ਼ਬਦ ਨਾਂਵਾ, ਪੜਨਾਂਵਾਂ ਜਾਂ ਵਿਸ਼ੇਸ਼ਣ ਦਾ ਵਾਕ ਦਾ ਬਾਕੀ ਸ਼ਬਦਾਂ ਨਾਲ ਸੰਬੰਧ ਸਪਸ਼ਟ ਕਰਦੇ ਹਨ ਨੂੰ ਕਿਹਾ ਜਾਂਦਾ ਹੈ:

a)ਯੋਜਕ b)ਪੜਨਾਂਵੀ ਵਿਸ਼ੇਸ਼ਣ

c)ਪਿਛੇਤਰ d)**ਸੰਬੰਧਕ**

8.ਸ਼ੁੱਧ ਸ਼ਬਦ ਜੋੜ ਚੁਣੋ:

a)ਬੁੱਧਿ b)ਬੁਧੀ

c)**ਬੁੱਧੀ** d)ਬੁੱਧ੍ਰੀ

9.ਊਠ ਦੇ ਗਲ .................. ਅਖਾਣ ਪੂਰਾ ਕਰੋ:

a)ਘੁੰਗਰੂ b)**ਟੱਲੀ**

c)ਹਾਰ d)ਜੀਰਾ

10.ਦੀਵੇ ਥੱਲੇ ................. ਮੁਹਾਵਰਾ ਪੂਰਾ ਕਰੋ।

a) ਜ਼ਮੀਨ b) ਤੇਲ

c) **ਹਨੇਰਾ** d) ਚਾਨਣਾ

## PUNSUP DISTRICT MANAGER (ACCOUNT)-2015

1.ਹੰਢਣਸਾਰ ਉਤਪੰਨ ਸ਼ਬਦ ਕਿਹੜੀ ਸ਼੍ਰੇਣੀ ਵਿੱਚ ਆਉਂਦੀ ਹੈ:

a)ਸਾਰਥਕ b)ਨਿਰਾਥਕ

c)ਸੰਬੰਧਕ c)**ਪਿਛੇਤਰ**

2.ਬੱਚਾ ਦੁੱਧ ਪੀਂਦਾ ਹੈ ਵਾਕ ਦੀ ਕਿਸਮ ਹੈ:

a)ਮਿਸ਼ਰਤ b)**ਸਾਧਾਰਨ**

c)ਸੰਯੁਕਤ d)ਸ਼੍ਰੇਣੀ ਵੰਡ

3.ਆਈ ਚਲਾਈ ਕਰਨਾ ਦਾ ਅਰਥ ਹੈ:

a)**ਜੋ ਕਮਾਉਣਾ ਸੋ ਖਾ ਲੈਣ** b)ਆਉਣਾ ਤੇ ਜਾਣ

c)ਸੁਨੇਹਾ ਭੇਜਨਾ d)ਟੈਲੀਫੂਨ ਕਰਨਾ

4.ਸ਼ੁੱਧ ਮੁਹਾਵਰਾ ਚੁਣੋ:

a)**ਸਾਹ ਸੁੱਕਣਾ** b)ਸਾਹ ਰੁਕਣਾ

c)ਸਾਹ ਮੁਕਣਾ d)ਸਾਹ ਲੈਣਾ

5.ਸੁਰਜੀਤ ਖੇਡਦਾ ਹੈ ਕਿਹੜਾ ਕਾਲ ਹੈ:

a)ਭੂਤਕਾਲ b)**ਵਰਤਮਾਨ**

c)ਭਵਿੱਖਤ ਕਾਲ d)ਅੰਤ-ਕਾਲ

6.ਕਿਰਿਆ ਵਿਸ਼ੇਸ਼ਣ ਦੀਆਂ ਕਿਸਮਾਂ ਹੁੰਦੀਆਂ ਹਨ:

a)ਚਾਰ b)ਪੰਜ

c)**ਅੱਠ** d)ਸੱਤ

7.ਖਾ, ਪੀ, ਉਠਣਾ, ਜਾਗਣਾ ਆਦਿ ਸ਼ਬਦ ਕੀ ਹਨ:

a)ਪੜਨਾਂਵ b)ਨਾਂਵ

c)**ਕਿਰਿਆ** d)ਵਿਸ਼ੇਸ਼ਣ

8.ਇਲਾਕੇ ਦੇ ਆਧਾਰ ਤੇ ਬੋਲੀ ਜਾਣ ਵਾਲੀ ਭਾਸ਼ਾ ਨੂੰ ਕਿਹਾ ਜਾਂਦਾ ਹੈ:

a)ਬੋਲੀ b)**ਉਪ-ਭਾਸ਼ਾ**

c)ਭਾਸ਼ਾ d)ਟਕਸ਼ਾਲੀ ਭਾਸ਼ਾ

9.ਸ਼ੁੱਧ ਸਬਦ ਜੋੜ ਵਾਲਾ ਸ਼ਬਦ ਚੁਣੋ:

a)**ਆਪਣਾ** b)ਅਪਨਾ

c)ਆਪਨਾ d)ਅੱਪਣਾ

10.ਸਹੀ ਸਮਾਸੀ ਸ਼ਬਦ ਚੁਣੋ:

a)ਹਾਲ-ਸਿਹਤ b)ਹਾਲ-ਤੋਰ

c) ਹਾਲ-ਦੌੜ d)**ਹਾਲ-ਚਾਲ**

## PUNSUP MANAGER (I.T.) & DGM FINANCE ACCOUNT MAY 2015

1.ਮਾਝੀ ਕਿਸ ਖੇਤਰ ਦੀ ਭਾਸ਼ਾ ਹੈ:

a)**ਅਮ੍ਰਿਤਸਰ/ਗੁਰਦਾਸਪੁਰ** b)ਪਟਿਆਲਾ/ਸੰਗਰੂਰ

c)ਜਲੰਧਰ/ਕਪੂਰਥਲਾ d)ਫਰੀਦਕੋਟ/ਲੁਧਿਆਣਾ

2.ਉਹ ਵਿਚਾਰਾ ਐਵੇਂ ਮਾਰਿਆ ਗਿਆ ਵਾਕ ਵਿੱਚ ਵਿਸ਼ੇਸ਼ਣ ਚੁਣੋ:

a)ਉਹ b)ਮਾਰਿਆ ਗਿਆ

c)ਐਵੇਂ d)**ਵਿਚਾਰਾ**

3.ਕਿਰਿਆ ਕਰਨ ਵਾਲੇ ਨੂੰ, ਪੰਜਾਬੀ ਵਿਆਕਰਨ ਵਿਚ ਕੀ ਕਿਹਾ ਜਾਂਦਾ ਹੈ:

a)ਕਰਮ b)**ਕਰਤਾ**

c)ਸਕਰਮਕ ਕਿਰਿਆ d)ਵਾਕ

4.ਨੌਕਰਾਣੀ ਨੇ ਕੜਾਹੀ ਮਾਂਜਣੀ ਹੈ , ਵਾਕ ਵਿੱਚੋਂ ਸੰਬੰਧਕ ਚੁਣੋ:

a)ਹੈ b)ਕੜਾਹੀ

c)ਨੌਕਰਾਣੀ d)**ਨੇ**

5.ਮੋਹਨ ਤੇਜ਼ ਦੌੜਦਾ ਹੈ, ਵਾਕ ਵਿਚੋਂ ਕਿਰਿਆ-ਵਿਸ਼ੇਸ਼ਣ ਚੁਣੋ:

a)ਹੈ b)ਦੌੜਦਾ

c)**ਤੇਜ਼** d)ਮੋਹਨ

6.ਮੈਨੂੰ ਬਹੁਤਾ ਦੁੱਧ ਚਾਹੀਦਾ ਹੈ, ਵਾਕ ਵਿੱਚ ਬਹੁਤਾ ਸ਼ਬਦ ਕੀ ਹੈ:

a)ਵਿਸ਼ੇਸ਼ਣ b)ਸੰਖਿਆਵਾਚਕ ਵਿਸ਼ੇਸ਼ਣ

c)ਨਿਰਣਾਵਾਚਕ ਵਿਸ਼ੇਸ਼ਣ d)**ਮਿਣਤੀਵਾਚਕ ਕਿਰਿਆ ਵਿਸ਼ੇਸ਼ਣ**

7.ਸ਼ੁੱਧ ਮੁੱਹਾਵਰਾ ਚੁਣੋ:

a)ਊਠ ਦੇ ਮੂੰਹ ਵੇਸਣ ਦੇਣਾ b)**ਊਠ ਦੇ ਮੂੰਹ ਜ਼ੀਰਾ ਦੇਣਾ**

c)ਊਠ ਦੇ ਮੂੰਹ ਮਿਰਚ ਦੇਣਾ d)ਊਠ ਦੇ ਮੂੰਹ ਅੰਬ ਦੇਣਾ

8.ਦਾਲ਼ੂ ਨਾ ਗਲਣੀ ਦਾ ਕੀ ਅਰਥ ਹੈ:

a)ਦਾਲ ਚੰਗੀ ਨਾ ਹੋਣੀ b)ਸੇਕ ਘੱਟ ਹੋਣਾ

c)**ਆਪਸ ਵਿੱਚ ਨਾ ਬਣਨੀ** d)ਦਾਲ ਵਿੱਚ ਕੋਰੜੂ ਹੋਣਾ

9.ਸ਼ੁੱਧ ਸ਼ਬਦ-ਜੋੜ ਚੁਣੋ:

a)ਪਾਨੀ b)ਪਾਨਿ

c)ਪਾਣ੍ਹੀ d)**ਪਾਣੀ**

10.ਨਾਂਵ ਕਿੰਨੇ ਪ੍ਰਕਾਰ ਦੇ ਹੁੰਦੇ ਹਨ:

a)**ਪੰਜ** b)ਛੇ

c)ਸੱਤ d)ਅੱਠ

## PUNSUP FIELD OFFICER-2015

1.ਸ਼ੁੱਧ ਸ਼ਬਦ ਜੋੜ ਚੁਣੋ:

a)ਬੁਡਾ b)ਬੁੱਡਾ

c)**ਬੁੱਢਾ** d)ਬੂੱਢਾ

2.ਅਭਆਸ ਨੂੰ ਸ਼ੁੱਧ ਕਿਵੇ ਲਿਖਿਆ ਜਾਵੇਗਾ:

a)ਇ b)**ਭਿ**

c)ਭੇ d)ਸਿ

3.ਬਣਤਰ ਦੇ ਆਧਾਰ ਤੇ ਸ਼ਬਦ ਹੁੰਦੇ ਹਨ:

a)ਤਿੰਨ ਪ੍ਰਕਾਰ ਦੇ b)**ਦੋ ਪ੍ਰਕਾਰ ਦੇ**

c)ਚਾਰ ਪ੍ਰਕਾਰ ਦੇ d)ਪੰਜ ਪ੍ਰਕਾਰ ਦੇ

4.ਊਠ ਤੋਂ ਛਾਣਨੀ ਲਾਹਿਆਂ.......... ਅਖਾਣ ਪੂਰਾ ਕਰੋ:

a)**ਭਾਰ ਹੋਲਾ ਨਹੀਂ ਹੁੰਦਾ** b)ਊਠ ਬੈਠ ਜਾਂਦਾ ਹੈ

c)ਊਠ ਤੁਰ ਨਹੀਂ ਸਕਦਾ d)ਊਠ ਦਾ ਭਾਰ ਘਟ ਜਾਂਦਾ ਹੈ

5.ਲੱਤ ਅੜਾਉਣੀ ਦਾ ਅਰਥ ਹੈ:

a)ਸੰਭਲਿਆ ਨਾ ਜਾਣਾ b)ਚੁਗਲੀ ਕਰਨੀ

c)ਸਿਫਤ ਕਰਨੀ d)**ਖ਼ਾਹ-ਮਖ਼ਾਹ ਦਖਲ ਦੇਣਾ**

6.ਕੋਹਿਨੂਰ ਕੀਮਤੀ ਹੀਰਾ ਹੈ, ਵਿੱਚ ਕੋਹਿਨੂਰ ਹੈ:

a)ਆਮ ਨਾਂਵ b)ਵਸਤੂਵਾਚਕ ਨਾਂਵ

c)**ਖਾਸ ਨਾਂਵ** d)ਭਾਵਵਾਚਕ ਨਾਂਵ

7.ਪੜਨਾਂਵ ਦੀਆਂ ਕਿਸਮਾਂ ਹੁੰਦੀਆ ਹਨ:

a)**ਛੇ** b)ਸੱਤ

c)ਅੱਠ d)ਦਸ

8.ਕਈ ਵਾਕਾਂ ਵਿੱਚ ਇਕੱਲਾ ਹੈ ਜਾ ਸੀ ਸਬਦ ਹੀ ਕਿਰਿਆ ਦਾ ਰੂਪ ਹੁੰਦਾ ਹੈ, ਉਸਨੂੰ ਕਿਹਾ ਜਾਂਦਾ ਹੈ:

a)ਪੂਰਨ ਕਿਰਿਆ b)ਅਕਰਮਕ ਕਿਰਿਆ

c)ਸਕਰਮਕ ਕਿਰਿਆ d)**ਸੰਸਰਗੀ ਕਿਰਿਆ**

9.ਪੁਆਧੀ ਕੀ ਹੈ:

a)ਭਾਸ਼ਾ b)ਖੇਤਰ

c)**ਉਪ-ਭਾਸ਼ਾ** d)ਵਿਆਕਰਣ

10.ਸੰਬੰਧਕ ਚੁਣੋ:

a)ਮੈ,ਸਾਡਾ b)ਤੂੰ, ਤੁਸੀ

c)**ਦਾ, ਦੇ** d)ਕੌਣ, ਕਦੋਂ

## PUDA CLERK-CUM-DATA ENTRY OPERATOR(22-11-2015)

1.ਮੁਲਤਾਨੀ ਉਪ-ਭਾਸ਼ਾ ਕਿਹੜੇ ਖੇਤਰ ਵਿੱਚ ਬੋਲੀ ਜਾਂਦੀ ਹੈ:

a)ਸਿੰਧ ਵਿਚ b)ਸਾਰੇ ਪਾਕਿਸਤਾਨ ਵਿਚ

c)**ਜ਼ਿਲ੍ਹਾ ਮੁਲਤਾਨ ਵਿੱਚ** d)ਲਾਹੌਰ ਵਿਚ

2. ਦੁਆਬੀ ਉਪ-ਭਾਸ਼ਾ ਬੋਲੀ ਜਾਂਦੀ ਹੈ:

a)ਪਟਿਆਲਾ ਜ਼ਿਲ੍ਹਾ ਵਿੱਚ b)ਅਮ੍ਰਿਤਸਰ ਦੇ ਸੈਂਟਰ ਵਿੱਚ

c)**ਜਲੰਧਰ ਜਿਲ੍ਹਾਂ ਵਿੱਚ** d)ਮਾਨਸਾ ਵਿੱਚ

3.ਊਠ ਤੋਂ ਛਾਨਣੀ ਲਾਹਿਆ................ ਅਖਾਣ ਪੂਰੀ ਕੋਰੋ:

a)**ਭਾਰ ਹੋਲਾ ਨਹੀਂ ਹੰਦਾ** b)ਊਠ ਬੈਠ ਜਾਂਦਾ ਹੈ

c)ਊਠ ਤੁਰ ਨਹੀਂ ਸਕਦਾ d)ਊਠ ਦਾ ਭਾਰ ਘਟ ਜਾਂਦਾ ਹੈ

4.ਇੱਕ ਅਨਾਰ ................ ਅਖਾਣ ਪੂਰੀ ਕਰੋ:

a)ਸੌ ਅੰਸ਼ b)ਵੀਹ ਅਮਰੂਦ

c)ਪਚੀ ਕੇਲੇ d)**ਸੌਂ ਬੀਮਾਰ**

5.ਸ਼ੁੱਧ ਮੁਹਾਵਰਾ ਚੁਣੋਂ:

a)ਗਲ ਪਿਆ ਹਰਮੋਨੀਅਮ ਵਜਾਉਣਾ b)**ਗਲ ਪਿਆ ਢੋਲ ਵਜਾਉਂਣਾ**

c)ਗਲ ਪਿਆ ਵਾਜਾ ਵਜਾਉਣਾ d)ਕੋਈ ਵੀ ਨਹੀਂ

6.ਉਸਤਤ ਸ਼ਬਦ ਵਿਰੋਧੀ ਸ਼ਬਦ ਚੁਣੋ:

a)**ਨਿੰਦਿਆ** b)ਸਿਫਤ

c)ਵਡਿਆਈ d)ਚੜ੍ਹਾਈ

7.ਕਿਹੜਾ ਸ਼ਬਦ ਦਰਖ਼ਤ ਸਮਾਨਾਰਥੀ ਹੈ:

a)ਫੁੱਲ b)ਫ਼ਲ

c)ਟਹਿਣੀ d)**ਬਿਰਖ**

8.ਸ਼ੁੱਧ ਸ਼ਬਦ-ਜੋੜ ਚੁਣੋ:

a)**ਆਪਣਾ** b)ਅਪਨਾ

c)ਆਪਨਾ d)ਕੋਈ ਨਹੀਂ

9.ਕਾਰਦੰਤਕ ਕਿੰਨੇ ਤਰ੍ਹਾਂ ਦੇ ਹੁੰਦੇ ਹਨ:

a)ਪੰਜ b)**ਚਾਰ**

c)ਛੇ d)ਅੱਠ

10.ਸਾਧਾਰਨ ਵਾਕ ਨੂੰ ਕਿੰਨੇ ਹਿੱਸਿਆ ਵਿੱਚ ਵੰਡਿਆ ਜਾ ਸਕਦਾ ਹੈ:

a)**ਦੋ** b)ਤਿੰਨ

c)ਚਾਰ d)ਅੱਠ

## PUNJAB DISTRICT MANAGER-2015

1.ਜਿਹੜੇ ਸ਼ਬਦ ਵਾਕ ਵਿੱਚ ਇਕੱਲਿਆ ਹੀ ਹੋਰਨਾ ਸ਼ਬਦਾ ਨਾਲ ਸੰਬੰਧ ਦੱਸਣ, ਉਹਨਾਂ ਨੂੰ ਕਿਹਾ ਜਾਂਦਾ ਹੈ:

a)ਮਿਸ਼ਰਤ ਸੰਬੰਧਕ b)**ਪੂਰਨ ਸੰਬੰਧਕ**

c)ਅਪੂਰਨ ਸੰਬੰਧਕ d)ਸੰਯੁਕਤ ਸੰਬੰਧਕ

2.ਰੂਪ ਦੇ ਆਧਾਰ ਤੇ ਯੋਜਕ ਦੀਆਂ ਕਿਸਮਾਂ ਹਨ:

a)**ਦੋ** b)ਤਿੰਨ

c)ਚਾਰ d)ਪੰਜ

3.ਕਾਰਨ ਕਿੰਨੀ ਪ੍ਰਕਾਰ ਦੇ ਹੁੰਦੇ ਹਨ:

a)ਸੱਤ b)ਛੇ

c)**ਅੱਠ** d)ਪੰਜ

4.ਕਾਰਦੰਤਕ ਦੀਆਂ ਕਿਸਮਾਂ ਹੁੰਦੀਆਂ ਹਨ:

a)ਪੰਜ b)**ਚਾਰ**

c)ਤਿੰਨ d)ਦੋ

5.ਮਲਵਈ ਹੈ:

a)ਭਾਸ਼ਾ b)ਖੇਤਰ

c)**ਉਪ-ਭਾਸ਼ਾ** d)ਕੋਈ ਵੀ ਨਹੀਂ

6.ਵਾਕ ਰਚਨਾ ਦੇ ਨੇਮਾਂ ਨੂੰ ਹੇਠ ਲਿਖੇ ਭਾਗਾਂ ਵਿੱਚ ਵੰਡਿਆ ਜਾਂਦਾ ਹੈ:

a)**ਤਿੰਨ** b)ਚਾਰ

c)ਪੰਜ d)ਛੇ

7.ਹੇਠ ਲਿਖਿਆ ਵਿੱਚੋਂ ਸ਼ੁੱਧ ਵਾਕ ਚੁਣੋ:

a)ਮੁੰਡੇ ਦੌੜਦਾ ਹੈ b)ਮੁੰਡੇ ਨੇ ਦੌੜਦਾ ਹੈ

c)**ਮੁੰਡੇ ਦੌੜਦੇ ਹਨ** d)ਮੁੰਡੇ ਦੌੜਦੇ ਹੈ

8.ਸਹੀ ਸਮਾਸੀ ਸ਼ਬਦ ਚੁਣੋ:

a)**ਕੰਮ-ਧੰਦਾ** b)ਕੰਮ-ਕਮਾਈ

c)ਕੰਮ-ਵਿਚਾਰ d)ਕੰਮ-ਕਿਰਿਆ

9.ਆਪੇ ਫਾਥੜੀਏ ਤੈਨੂੰ .............. ਅਖਾਣ ਪੂਰਾ ਕਰੋ:

a)ਕੌਣ ਪਛਾਣੇ b)ਕੋਈ ਨਾ ਪਛਾਣੇ

c)ਸੰਗਲਾਂ ਨਾਲ ਬੰਨੀਏ d)**ਕੌਣ ਛੁਡਾਵੇ**

10.ਕਿਸੇ ਨੂੰ ਹਰਾ ਦਿੱਤਾ ਜਾਵੇ ਤਾਂ ਕਿਹੜਾ ਮੁਹਾਵਰਾ ਵਰਤਿਆ ਜਾਂਦਾ ਹੈ:

a)ਦੰਦ ਤੋੜਣੇ b)ਦੰਦ ਪੀਹਣੇ

c)ਦੰਦ ਕੱਢਣੇ d)**ਦੰਦ ਖੱਟੇ ਕਰਨੇ**

## SR. ASS. (A/C) PB. TECHNICAL DEPT.-2013

1.ਸ਼ੁੱਧ ਮੁਹਾਵਰਾਂ ਚੁਣੋ:

a)ਅੱਖਾਂ ਖੋਲ੍ਹ ਛੱਡਣੀਆਂ b)**ਅੱਖਾਂ ਮੀਟਣੀਆਂ**

c)ਅੱਖਾਂ ਘੁਮਾ ਛੱਡਣੀਆਂ d)ਅੱਖਾਂ ਫੇਰ ਛੱਡਣੀਆਂ

2.ਗੁਜ਼ਾਰਾ ਕਰਨ ਲਈ ਕਿਸੇ ਤੋਂ ਪੈਸੇ ਮੰਗੇ ਜਾਣ ਤਾਂ ਕਿਹੜਾ ਮੁਹਾਵਰਾ ਵਰਤਿਆ ਜਾਂਦਾ ਹੈ:

a)ਹੱਥ ਬੰਨ੍ਹਣੇ b)ਹੱਥ ਜੋੜਨੇ

c)ਹੱਥ ਹੌਲਾ ਕਰਨਾ d)**ਹੱਥ ਅੱਡਣੇ**

3.ਉਹ ਘਰ ਗਿਆ ਤੇ ਉਸ ਨੇ ਰੋਟੀ ਖਾਧੀ ਕਿਸ ਕਿਸਮ ਦਾ ਵਾਕ ਹੈ:

a)ਸਾਧਾਰਨ b)ਮਿਸਰਤ

c)**ਸੰਯੁਕਤ** d)ਵਿਸਮਿਕ

4.ਸ਼ੁੱਧ ਸ਼ਬਦ ਜੋੜ ਚੁਣੋ:

a)ਦੋਪੁਹਰ b)ਦੁਪੈਰ

c)ਦੁਪਿਹਰ d)**ਦੁਪਹਿਰ**

5.ਨਵੀਨ ਸ਼ਬਦ ਵਿਰੋਧੀ ਸ਼ਬਦ ਚੁਣੋ:

a)ਨਵਾਂ b)ਚਿਮਕਦਾਰ

c)**ਪੁਰਾਤਨ** d)ਵਧੀਆਂ

6.ਕਿਹੜਾ ਸ਼ਬਦ ਮੁਸ਼ਕਲ ਦਾ ਸਮਾਨਾਰਥੀ ਨਹੀਂ ਹੈ:

a)ਕਠਿਨਾਈ b)ਬਿਪਤਾ

c)ਔਖ d)**ਸੌਖ**

7.ਭੇਡਾਂ ਦੀ ਚਾਲ ਤੋਂ ਕਿਹੜਾ.......... ਸਮਾਸੀ ਸ਼ਬਦ ਬਣੇਗਾ:

a)**ਭੇਡ ਚਾਲੂ** b)ਭੇਡ ਵਰਗੀ ਚਾਲ

c)ਭੇਡਚਾਲੀ d)ਭੇਡ-ਚਾਲ

8.ਗੁਣ-ਵਾਚਕ ਵਿਸ਼ੇਸ਼ਣ ਚੁਣੋ:

a)**ਸੁੰਦਰ** b)ਪੈੱਨ

c)ਕੁਰਸੀ d)ਪੰਜ

9.ਕਰ,ਖਾ,ਸੁਣ,ਲਿਖ ਕੀ ਹਨ:

a)ਕਿਰਿਆਵਾਂ b)ਨਾਂਵ

c)**ਧਾਤੂ** d)ਪੜਨਾਂਵ

10.ਹੇਠ ਲਿਖਿਆ ਵਿਚੋਂ ਸ਼ੁੱਧ ਵਾਕ ਚੁਣੋ:

a)ਮੁੰਡੇ ਦੌੜਦਾ ਹੈ b)ਮੁੰਡੇ ਨੇ ਦੌੜਦਾ ਹੈ

c)**ਮੁੰਡੇ ਦੌੜਦੇ ਹਨ** d)ਮੁੰਡੇ ਦੌੜਦੇ ਹੈ।

Earn Money JOBS.com GET DAILY EMPLOYMENT NEWS

Earn Money JOBS.com GET DAILY EMPLOYMENT NEWS

Earn Money JOBS.com GET DAILY EMPLOYMENT NEWS

## Punjabi Grameer  Mcq Questions

1- ਪੰਜਾਬੀ ਵਿਚ ਸ਼ੁੱਧ ਵਿਅੰਜਨ ਹੁੰਦੇ ਹਨ।

ਉੱਤਰ- 29

2- ਪੰਜਾਬੀ ਵਿਚ ਸੁੱਧ ਸ੍ਵਰ ਹੁੰਦੇ ਹਨ।

ਉੱਤਰ- 10

3- ਪੰਜਾਬੀ ਦੀ ਟਕਸਾਲੀ ਭਾਸ਼ਾ ਕਿਹੜੀ ਹੈ

ਉੱਤਰ- ਮਾਝੀ

4- ਪੰਜਾਬੀ ਦੇ ਹੋਠੀ ਵਿਅੰਜਨ ਕਿਹੜੇ ਹਨ।

ਉੱਤਰ- ਪ,ਫ,ਬ,ਭ,ਮ

5- ਪੰਜਾਬੀ ਦੇ ਡੱਕਵੇ ਵਿਅੰਜਨਾਂ ਦੀ ਗਿਣਤੀ ਹੈ।

ਉੱਤਰ- 15

6- ਬਿੰਦੀ ਕੀ ਹੈ।

ਉੱਤਰ- ਲਗਾਖਰ

7- ਪੰਜਾਬੀ ਦੀ ਕਿਸ ਉਪ-ਭਾਸਾ ਵਿਚ ਸੁਰ ਹੈ।

ਉੱਤਰ- ਪੁਆਧੀ

8- ਪੰਜਾਬੀ ਵਾਕ ਦੀ ਤਰਤੀਬ ਹੈ।

ਉੱਤਰ- ਕਰਤਾ, ਕਰਮ, ਕਿਰਿਆ

9- ਪੰਜਾਬੀ ਦੀ ਕਿਸ ਉਪ-ਭਾਸ਼ਾ ਵਿਚ ਸੁਰ ਹੈ।

ਉੱਤਰ- ਪੁਆਧੀ

10- ਪੰਜਾਬੀ ਭਾਸ਼ਾ ਵਿਚ ਸਭ ਤੋਂ ਪਹਿਲਾਂ ਆਉਂਦਾ ਹੈ।

ਉੱਤਰ- ਕਰਤਾ

11- ਪੰਜਾਬੀ ਦੀ ਖ ਧੁਨੀ ਹੈ।

ਉੱਤਰ- ਅਘੋਸ਼ ਮਹਾਂ-ਪ੍ਰਣ

12- ਕਿਹੜਾ ਸ਼ਬਦ ਪੰਜਾਬੀ ਵਿਚ ਸੰਬਧਕ ਸ਼੍ਰੇਣੀ ਦਾ ਮੈਂਬਰ ਨਹੀਂ ਹੈ।

ਉੱਤਰ- ਭਾਵੇਂ

13- ਪੰਜਾਬੀ ਭਾਸ਼ਾ ਦੀ ਜਨਮਦਾਤੀ ਹੈ।

ਉੱਤਰ- ਸਿੰਧੀ, ਅੰਗਰੇਜ਼ੀ, ਹਿੰਦੀ, ਸੰਸਕ੍ਰਿਤ

14- ਪੰਜਾਬੀ ਦਾ ਪਹਿਲਾ ਵਿਆਕਰਨ ਲਿਖਿਆ ਹੈ।

ਉੱਤਰ- ਵਿਲੀਅਮ ਕੈਰੀ

15- ਕਿਸ ਉਪਭਾਸਾ ਵਿਚ 'ਰ' ਧੁਨੀ ਦਾ ਲੋਪ ਨਹੀਂ ਹੁੰਦਾ।

ਉੱਤਰ- ਮਾਝੀ

16- ਕਈ ਵਾਕਾਂ ਵਿਚ ਹੈ ਜਾ ਸੀ ਇਕੱਲਾ ਸ਼ਬਦ ਹੀ ਕਿਰਿਆ ਦਾ ਰੂਪ ਹੁੰਦਾ ਹੈ, ਉਸ ਨੂੰ ਕਿਹਾ ਜਾਂਦਾ ਹੈ।

ਉੱਤਰ- ਸੰਸਰਗੀ ਕਿਰਿਆ

17- ਉਹ ਸਾਡਾ ਘਰ ਹੈ ਵਾਕ ਵਿਚ 'ਉਹ' ਦਾ ਕਾਰਜ ਹੈ।

ਉੱਤਰ- ਨਿਸ਼ਚੇਵਾਚਕ ਪੜਨਾਂਵ

18- ਮਹਾਂਕਾਵਿ ਵਿਚ ਘੱਟ ਤੋ ਘੱਟ ਕਿੰਨੇ ਸਰਗ ਹੁੰਦੇ ਹਨ।

ਉੱਤਰ- ਅੱਠ

19–ਬਣਤਰ ਅਨੁਸਾਰ ਵਾਕ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ।

ਉੱਤਰ– ਚਾਰ

20– ਕਿਸ ਸੰਸਥਾ ਵੱਲੋ ਪੰਜਾਬੀ ਸਹਿਤ ਦਾ ਵਿਧਾ–ਮੂਲਕ ਇਤਿਆਸ ਤਿਆਰ ਕੀਤਾ ਗਿਆ ਹੈ।

ਉੱਤਰ– ਪੰਜਾਬੀ ਅਕਾਦਮੀ, ਦਿੱਲੀ

21– ਗੁਰਮੁਖੀ ਲਿਪੀ ਵਿਚ ਹੁੰਦਾ ਹੈ।

ਉੱਤਰ– ਧੁਨੀ ਲਈ ਵੱਖਰਾ ਚਿੰਨ੍ਹ

22– ਗੁਰਮੁਖੀ ਲਿਪੀ ਕਿਸ ਪੁਰਾਤਨ ਲਿਪੀ ਤੋ ਉਪਜੀ ਹੈ।

ਉੱਤਰ– ਬ੍ਰਹਮੀ ਤੋਂ

23– ਉਹ ਧਰਤੀ ਜਿਸ ਵਿਚ ਸ਼ੋਰਾ ਹੋਵੇ

ਉੱਤਰ– ਕਲਰ

24– ਪੰਜਾਬੀ ਸਾਹਿਤ ਦਾ ਮੁੱਢ ਕਦੋਂ ਬੱਝਾ

ਉੱਤਰ– ਅੱਠਵੀਂ ਨੋਵੀ ਸਦੀ ਤੋਂ

25– ਜੋ ਅੱਖਰ ਪੈਰ ਵਿਚ ਲਿਖੇ ਜਾਣ ਉਹਨਾਂ ਨੂੰ ਕੀ ਕਹਿੰਦੇ ਹਨ।

ਉੱਤਰ– ਦੂਤ–ਅੱਖਰ

26– ਸੱਦੀ ਨਾ ਬਲਾਈ, ਮੈਂ ਲਾੜੇ ਦੀ ਤਾਈ ਅਖਾਣ ਕਦੋਂ ਵਰਤਿਆ ਜਾਂਦਾ ਹੈ।

ਉੱਤਰ– ਜਦੋ ਕੋਈ ਬਦੋ ਬਦੀ ਕਿਸੇ ਦੇ ਮਾਮਲੇ ਵਿਚ ਦਖਲ ਦੇਵ।

27– ਪੈਰੀ ਬਿੰਦੀ ਵਾਲੇ ਅਖਰ ਮਿਲਾ ਕੇ ਗੁਰਮੁਖੀ ਵਰਣਮਾਲਾ ਵਿੱਚ ਇਸ ਵੇਲੇ ਕੁਲ ਅੱਖਰ ਹਨ।

ਉੱਤਰ– ਇਕਤਾਲੀ

28– ਵਰਣਮਾਲਾ ਦੇ ਆਧਾਰ ਤੇ ਕਿਹੜਾ ਕਾਵਿ ਰੂਪ ਰਚਿਆ ਜਾਦਾ ਹੈ।

ਉੱਤਰ–ਪੈਤੀ ਅੱਖਰੀ, ਸੀਹਰਫੀ, ਬਾਵਨ–ਅੱਖਰੀ

Earn Money JOBS.com GET DAILY EMPLOYMENT NEWS

29- 'ਸੁਚੇਤ' ਸ਼ਬਦ ਦਾ ਸਮਾਨਾਰਥਕ ਹੈ।

ਉੱਤਰ- ਸਜੱਗ, ਉਜੱਡ, ਸੱਖਣਾ, ਸਰਲ

30- ਪੰਜਾਬੀ ਭਾਸ਼ਾ ਦਾ ਲਿੱਪੀ ਹੈ।

ਉੱਤਰ- ਗੁਰਮੁਖੀ

31- ਪੰਜਾਬੀ ਭਾਸ਼ਾ ਵਿਚ ਸੰਬੰਧਕ ਕਿੰਨੀ ਪ੍ਰਕਾਰ ਦੇ ਹੁੰਦੇ ਹਨ।

ਉੱਤਰ- ਤਿੰਨ

32- ਨਾਂਵ ਕਿੰਨੀ ਪ੍ਰਕਾਰ ਦੇ ਹੁੰਦੇ ਹਨ।

ਉੱਤਰ- ਪੰਜ ਪ੍ਰਕਾਰ ਦੇ ਹੁੰਦੇ ਹਨ

33- ਕਾਰਕ ਕਿੰਨੀ ਪ੍ਰਕਾਰ ਦੇ ਹੁੰਦੇ ਹਨ।

ਉੱਤਰ- ਅੱਠ ਪ੍ਰਕਾਰ ਦੇ

34- ਪੰਜਾਬੀ ਭਾਸ਼ਾ ਵਿਚ ਕਾਰਦੰਤਕ ਕਿੰਨੀ ਪ੍ਰਕਾਰ ਦੇ ਹੁੰਦੇ ਹਨ।

ਉੱਤਰ- ਚਾਰ

35- ਵਿਸ਼ੇਸਣ ਕਿੰਨੇ ਪ੍ਰਕਾਰ ਦੇ ਹੁੰਦੇ ਹਨ।

ਉੱਤਰ- ਪੰਜ ਪ੍ਰਕਾਰ ਦੇ ਹੁੰਦੇ ਹਨ।

36- ਪੜਨਾਂਵ ਕਿੰਨੀ ਪ੍ਰਕਾਰ ਦੇ ਹੁੰਦੇ ਹਨ।

ਉੱਤਰ- ਛੇ ਪ੍ਰਕਾਰ ਦੇ ਹੁੰਦੇ ਹਨ

37- ਕਿਰਿਆ ਵਿਸ਼ੇਸ਼ਣ ਕਿੰਨੀ ਪ੍ਰਕਾਰ ਦੇ ਹੁੰਦੇ ਹਨ।

ਉੱਤਰ- ਅੱਠ ਪ੍ਰਕਾਰ ਦੇ

38- ਪੰਜਾਬੀ ਭਾਸ਼ਾ ਦੀ ਲਿਪੀ ਵਿਚ ਕਿੰਨੇ ਲਗਾਖਰ ਜਾਂ ਸਵਰ ਵਾਹਕ ਹਨ।

ਉੱਤਰ- ਤਿੰਨ

39- ਹ,ਰ,ਵ ਵਿਚੋਂ ਕਿਹੜੇ ਚਿੰਨ੍ਹ ਦੀ ਵਰਤੋ ਪੈਰਾਂ ਵਿਚ ਨਹੀਂ ਪਾਈ ਜਾ ਰਹੀ ਜਾਂ ਘੱਟ ਗਈ ਹੈ।

ਉੱਤਰ- ਵ

40- ਪੰਜਾਬੀ ਨਾਲ ਸੰਬੰਧਿਤ ਕਿਹੜੀ ਉਪ-ਭਾਸ਼ਾ ਨੂੰ ਰਾਸ਼ਟਰੀ ਭਾਸ਼ਾਵਾਂ ਦੀ ਸੂਚੀ ਵਿਚ ਰੱਖਿਆ ਗਿਆ ਹੈ।

ਉੱਤਰ- ਡੋਗਰੀ

41- ਯੋਜਕਾਂ ਨੂੰ ਕਾਰਜ ਦੇ ਆਧਾਰ ਦੇ ਕਿਹੜੇ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

ਉੱਤਰ- ਸਾਮਾਨ ਯੋਜਕ ਤੇ ਅਧੀਨ ਯੋਜਕ

42- ਪੰਜਾਬੀ ਦੀ ਕਿਹੜੀ ਧੁਨੀ ਅਖੰਡੀ ਹੈ।

ਉੱਤਰ- ਨਾਸਿਕਤਾ

43-ਗੁਰਮੁਖੀ ਦੇ ੳ ਅ ੲ ਹਨ

ਉੱਤਰ- ਸਵਰ ਵਾਹਕ

44- ਪੁਆਧੀ ਕੀ ਹੈ।

ਉੱਤਰ- ਉਪਭਾਸ਼ਾ

45- ਭਾਸ਼ਾ ਵਿਭਾਗ ਪੰਜਾਬ ਦੀ ਸਥਾਪਨਾ ਕਦੋਂ ਹੋਈ।

ਉੱਤਰ- 1956

46- ਕਿਹੜਾ ਸ਼ਬਦ ਸਵਰ-ਲੋਪ ਦੀ ਮਿਸਾਲ ਨਹੀਂ ਹੈ।

ਉੱਤਰ- ਇਤਰਾਜ਼

47- ਪੰਜਾਬੀ ਭਾਸ਼ਾ ਨੂੰ ਲਿਖਣ ਲਈ ਢੁੱਕਵੀ ਲਿੱਪੀ ਲਿਖੋ।

ਉੱਤਰ- ਗੁਰਮੁੱਖੀ

48- ਪੰਜਾਬੀ ਭਾਸ਼ਾ ਦੀ ਵਿਸ਼ੇਸ਼ਤਾ ਹੈ ਕਿ ਇਹ

ਉੱਤਰ- ਵਿਜੋਗਾਤਮਕ ਭਾਸ਼ਾ ਹੈ।

49- ਪੰਜਾਬੀ ਭਾਸ਼ਾ ਵਿਚ ਕਿਹੜੇ ਸੰਯੁਕਤ ਸਵਰ ਹਨ।

ਉੱਤਰ- ਐ, ਔ

50- ਇਕ ਮੱਛੀ ਸਾਰਾ ਜਲ ਗੰਦਾ ਕਰ ਦਿੰਦੀ ਹੈ ਦਾ ਅਰਥ ਹੈ।

ਉੱਤਰ- ਇਕ ਆਦਮੀ ਦੀ ਭੇੜੀ ਕਰਤੂਤ

51- ਪੰਜਾਬੀ ਦੀ ਕਿਹੜੀ ਉਪਭਾਸ਼ਾ ਵਿਚ ਵਿਅੰਜਨ ਲੋਪ ਤੇ ਵਿਅੰਜਨ ਆਰਾਮ ਦੀ ਰੁਚੀ ਮਿਲਦੀ ਹੈ।

ਉੱਤਰ- ਮਾਝੀ

52- ਇਹਨਾਂ ਵਿਚੋਂ ਕਿਹੜੀ ਪੁਆਧੀ ਦੀ ਸਹਾਇਕ ਕਿਰਿਆ ਨਹੀਂ

ਉੱਤਰ- ਸੀ

53- ਅਕਰਮ ਕਿਰਿਆ ਹੈ।

ਉੱਤਰ- ਜਿਸ ਵਿੱਚ ਕਰਤਾ ਤਾਂ ਹੋਵੇ ਪਰ ਕਰਮ ਨਾ ਹੋਵੇ।

54- ਸਕਰਮਕ ਕਿਰਿਆ ਹੁੰਦੀ ਹੈ।

ਉੱਤਰ- ਜਿਸ ਵਿਚ ਕਿਰਿਆ ਦਾ ਕਰਤਾ ਅਤੇ ਕਰਮ ਦੋਨੇ ਹੋਵਨ।

55- ਮਲਵਈ ਵਿਚ 'ਵ' ਧੁਨੀ ਦਾ ਉਚਾਰਨ ਕੀਤਾ ਜਾਂਦਾ ਹੈ।

ਉੱਤਰ- 'ਬ' ਨਾਲ

56- ਪੰਜਾਬੀ ਵਿਚ ਕਿਸ ਦੀ ਵਰਤੋਂ ਸਮੇਂ ਬਲ ਦਿੱਤਾ ਜਾਂਦਾ ਹੈ।॥

ਉੱਤਰ- ਅੱਧਕ

57- ਸੰਸਾਰ ਵਿਚ ਸਭ ਤੋ ਪਹਿਲਾਂ ਕਿਹੜੀ ਲਿਪੀ ਪੈਦਾ ਹੋਈ।

ਉੱਤਰ- ਸੰਕੇਤ ਲਿਪੀ

58- ਪੰਜਾਬੀ ਭਾਸ਼ਾ ਦੀਆਂ ਉਪ-ਭਾਸ਼ਾਵਾ ਹਨ।

ਉੱਤਰ- ਮਾਝੀ, ਮਲਵਈ, ਦੁਆਬੀ, ਪੁਆਧੀ, ਪੋਠੋਹਾਰੀ ਅਤੇ ਮੁਲਤਾਨੀ

59- ਇਹਨਾ ਵਿਚੋਂ ਕਿਹੜੀ ਉਪ-ਭਾਸ਼ਾ ਭਾਰਤੀ ਪੰਜਾਬ ਵਿਚ ਨਹੀਂ ਬੋਲੀ ਜਾਂਦੀ।

ਉੱਤਰ- ਪੋਠੋਹਾਰੀ

60- ਪੰਜਾਬੀ ਭਾਸ਼ਾ ਦੀ ਸਭ ਤੋਂ ਪਹਿਲੀ ਗਰਾਮਰ ਵਿਆਕਰਣ 1812 ਵਿਚ ਕਿਸ ਨੇ ਲਿਖੀ।

ਉੱਤਰ- ਵਿਲੀਅਮ ਕੈਰੀ

61- ਊਠ ਤੇ ਛਾਣਨੀ ਲਾਹਿਆਂ ਮੁਹਾਵਰੇ ਨੂੰ ਪੂਰਾ ਕਰੋ-

ਉੱਤਰ- ਭਾਰ ਹੋਲਾ ਨਹੀ ਹੁੰਦਾ।

62- ਬੋਲੀ ਕੀ ਹੁੰਦੀ ਹੈ।

ਉੱਤਰ- ਉਹ ਸਾਧਨ ਜਿਸ ਦੁਆਰਾ ਵਿਅਕਤੀ ਆਪਣੇ ਮਨ ਦੇ ਭਾਵ ਕਿਸੇ ਦੂਸਰੇ ਵਿਅਕਤੀ ਅੱਗੇ ਪ੍ਰਗਟ ਕਰਦਾ ਹੈ। ਉਸ ਨੂੰ ਬੋਲੀ ਜਾ ਭਾਸਾ ਵਿਚ ਕਿਹਾ ਜਾਦਾ ਹੈ।

63- ਭਾਸ਼ਾ ਕੀ ਹੁੰਦੀ ਹੈ।

ਉੱਤਰ- ਉਹ ਸਾਧਨ ਜਿਸ ਦੁਆਰਾ ਵਿਅਕਤੀ ਆਪਣੇ ਮਨ ਦੇ ਭਾਵ ਕਿਸੇ ਨੂੰ ਦੂਸਰੇ ਵਿਅਕਤੀ ਨੂੰ ਲਿਖ ਕੇ ਜਾਂ ਬੋਲ ਕੇ ਸਮਝਾਉਦਾ ਹੈ ਉਸ ਨੂੰ ਭਾਸ਼ਾ ਆਖਦੇ ਹਨ।

64- ਉਹ ਦਿਨ ਡੁੱਬਾ ਮੁਹਾਵਰਾ ਪੂਰਾ ਕਰੋ।

ਉੱਤਰ- ਜਿਸ ਦਿਨ ਘੋੜੀ ਚੜਿਆ ਕੁੱਬਾ।

65- ਵਾਲ- ਵਾਲ ਬਚਣਾ ਆ ਅਰਥ ਕਰੋ।

ਉੱਤਰ- ਮੌਤ ਦੇ ਮੂੰਹੋ ਬਚਣਾ।

66- ਬੋਲੀ ਦੀਆਂ ਕਿਸਮਾਂ ਦੱਸੋ।

ਉੱਤਰ- ਬੋਲਚਾਲ ਦੀ ਬੋਲੀ ਅਤੇ ਸਾਹਿਤਕ ਬੋਲੀ

67- ਭਾਸ਼ਾ ਦੀ ਛੋਟੀ ਤੋ ਛੋਟੀ ਇਕਾਈ ਕਿਹੜੀ ਹੈ।

ਉੱਤਰ- ਧੁਨੀ

68- ਸ਼ਬਦ ਨੂੰ ਹੋਰ ਕੀ ਕਿਹਾ ਜਾਂਦਾ ਹੈ।

ਉੱਤਰ- ਭਾਵ ਅੰਸ ਜਾ ਰੂਪ ਗ੍ਰਾਮ

69- ਸਾਹ ਸੁੱਕਣਾ ਮੁਹਾਵਰੇ ਦਾ ਅਰਥ ਲਿਖੋ।

ਉੱਤਰ- ਬਹੁਤ ਡਰ ਜਾਣਾ

70- ਪੰਜਾਬੀ ਭਾਸ਼ਾ ਦੀ ਰਾਜ ਭਾਸ਼ਾ ਕਿਹੜੀ ਹੈ।

ਉੱਤਰ- ਟਕਸ਼ਾਲੀ ਭਾਸ਼ਾ

71- ਹੱਥੀ ਛਾਵਾਂ ਕਰਨੀਆਂ ਦਾ ਅਰਥ ਹੈ।

ਉੱਤਰ- ਆਦਰ ਮਾਣ ਕਰਨਾ।

72- ਕਿਤਾਬਾ ਕਿਸ ਭਾਸ਼ਾ ਵਿਚ ਛਪਦੀਆਂ ਹਨ।

ਉੱਤਰ- ਟਕਸਾਲੀ ਜਾ ਮਿਆਰੀ ਭਾਸ਼ਾ ਵਿੱਚ

73- ਉਪਭਾਸ਼ਾ ਕੀ ਹੁੰਦੀ ਹੈ।

ਉੱਤਰ- ਬੋਲੀ ਵਿਚ ਆਏ ਫ਼ਰਕ ਨਾਲ ਉੱਪਭਾਸ਼ਾ ਬਣਦੀ ਹੈ

74- ਮਾਝੀ ਭਾਸਾ ਬੋਲੀ ਜਾਦੀ ਹੈ।

ਉੱਤਰ- ਰਾਵੀ ਤੇ ਬਿਆਸ ਦੇ ਖੇਤਰ ਵਿੱਚ।

75- ਦੁਆਬੀ ਭਾਸਾ ਬੋਲੀ ਜਾਂਦੀ ਹੈ।

ਉੱਤਰ- ਬਿਆਸ ਤੋ ਸਤਲੁਜ ਵਿਚਕਾਰ

76- ਮਲਵਈ ਭਾਸਾ ਬੋਲੀ ਜਾਂਦੀ ਹੈ।

ਉੱਤਰ- ਸਤਲੁਜ ਤੋ ਘੱਗਰ ਵਿਚਕਾਰ

78- ਪੁਆਧੀ ਭਾਸਾ ਬੋਲੀ ਜਾਦੀ ਹੈ।

ਉੱਤਰ- ਘੱਗਰ ਤੋ ਬਾਅਦ ਦੇ ਇਲਾਕੇ ਵਿੱਚ।

79- ਘੋੜਾ ਸ਼ਬਦ ਦਾ ਇਸਤਰੀ ਲਿੰਗ ਹੈ।

ਉੱਤਰ- ਘੋੜੀ

80- ਇਹ ਉਸ ਦੀਆਂ ਪੁਸਤਕਾਂ ਹਨ, ਸੰਬੰਧਕ ਚੁਣੋ।

ਉੱਤਰ- ਦੀਆਂ

81- ਵਿਆਕਰਨ ਕਿਸ ਨੂੰ ਕਹਿੰਦੇ ਹਨ।

ਉੱਤਰ- ਭਾਸ਼ਾ ਦੇ ਵਰਤਾਰੇ ਸੰਬਧੀ ਨਿਯਮ ਦੱਸਣ ਬਾਰੇ ਸਾਸਤਰ ਨੂੰ ਵਿਆਕਰਨ ਕਿਹਾ ਜਾਦਾ ਹੈ।

82- ਵਿਆਕਰਨ ਨੂੰ ਕਿੰਨਾ ਭਾਗਾ ਵਿਚ ਵੰਡਿਆ ਗਿਆ ਹੈ।

ਉੱਤਰ- ਚਾਰ ਭਾਗਾ ਵਿੱਚ

1- ਧੁਨ ਬੋਧ

2- ਸ਼ਬਦ ਬੋਧ

3-ਵਾਕ ਬੋਧ

4- ਅਰਥ ਬੋਧ

83- ਪੰਜਾਬੀ ਵਿਚ ਕਿੰਨੇ ਪ੍ਰਕਾਰ ਦੇ ਲਿੰਗ ਹਨ ।

ਉੱਤਰ- ਪੁਲਿੰਗ ਤੇ ਇਸਤਰੀ ਲਿੰਗ

84- ਉਹ ਘਰ ਗਿਆ ਤੇ ਉਸਨੇ ਰੋਟੀ ਖਾਧੀ ਵਾਕ ਕੀ ਕਿਸਮ ਲਿਖੋ।

ਉੱਤਰ- ਸੁੰਯਕਤ

85- ਧੁਨੀ ਬੋਧ ਕੀ ਹੁੰਦਾ ਹੈ।

ਉੱਤਰ- ਵਿਆਕਰਨ ਦਾ ਉਹ ਭਾਗ ਜਿਸ ਵਿੱਚ ਲਗਾ, ਸਵਰ, ਵਿਅੰਜਨ, ਲਗਾਖਰ, ਦੁਤ ਅੱਖਰ ਆਦਿ ਦਾ ਗਿਆਨ ਪ੍ਰਾਪਤ ਹੁੰਦਾ ਹੈ। ਉਸ ਨੂੰ ਧੁਨੀ ਬੋਧ ਕਿਹਾ ਜਾਂਦਾ ਹੈ।

86- ਧੁਨੀ ਕੀ ਹੁੰਦੀ ਹੈ।

ਉੱਤਰ- ਜਦੋ ਹਵਾਂ ਫੇਫੜਿਆਂ ਤੇ ਹੁੰਦੀ ਹੋਈ ਮੂੰਹ ਰਾਹੀ ਬਾਹਰ ਆਉਂਦੀ ਹੈ। ਉਸ ਨੂੰ ਧੁਨੀ ਕਹਿੰਦੇ ਹਨ।

87- ਅੱਖੋ ਅੰਨੀ ਨਾਂ ਚਰਾਗੋ ਦਾ ਅਰਥ

ਉੱਤਰ- ਜਿਸਦਾ ਨਾਂ ਉਸਦਾ ਗੁਣਾ ਦੇ ਉਲਟ ਹੋਵੇ

89- ਕੁੜੀ ਨੇ ਕੁੱਤੇ ਨੂੰ ਰੋਟੀ ਪਾਈ ਕਿਹੜਾ ਕਾਰਕ ਹੈ।

ਉੱਤਰ- ਸੰਪਰਦਾਨ ਕਾਰਕ

90- ਧੁਨੀ ਦੀਆਂ ਕਿੰਨੀਆਂ ਅਵਸਥਾ ਹੁੰਦੀਆਂ ਹਨ।

ਉੱਤਰ- ਧੁਨੀ ਉਪਚਾਰ, ਧੁਨੀ ਸੰਚਾਰ, ਧੁਨੀ ਗ੍ਰਹਿਣ

91- ਖੰਡੀ ਕੀ ਹੁੰਦੀ ਹੈ।

ਉੱਤਰ- ਜਿਸ ਅੱਖਰ ਨੂੰ ਸੁਤੰਤਰ ਰੂਪ ਵਿਚ ਵਿਚਰ ਸਕਦੇ ਹਾਂ ਤੇ ਜਿਸ ਦਾ ਕੋਈ ਆਪਣਾ ਸਰੂਪ ਹੁੰਦਾ ਹੈ। ਉਸ ਨੂੰ ਖੰਡੀ ਧੁਨੀ ਕਹਿੰਦੇ ਹਨ।

92-ਮੇਜ਼, ਪਤੀਲਾ, ਪੱਖਾ, ਘੜਾ, ਆਦਿ ਲਿੰਗ ਦੇ ਕਿਹੜੇ ਵਰਗ ਨਾਲ ਸੰਬੰਧਿਤ ਹਨ।

ਉੱਤਰ- ਵਿਆਕਰਨ ਲਿੰਗ

93-ਦੋਹਾਂ ਮੁੰਡਿਆਂ ਨੂੰ ਇਨਾਮ ਮਿਲਿਆ ਵਿਚ ਸੰਬੰਧਕ ਦੀ ਤਲਾਸ਼ ਕਰੋ।

ਉੱਤਰ- ਨੂੰ ਸੰਬੰਧਕ

94- ਆਖੰਡੀ ਕੀ ਹੁੰਦੀ ਹੈ।

ਉੱਤਰ- ਇਸ ਦਾ ਆਪਣਾ ਸਰੂਪ ਨਹੀ ਹੁੰਦਾ ਤੇ ਇਹ ਖੰਡੀ ਧੁਨੀ ਦੀ ਵਰਤੋ ਨਾਲ ਮੱਦਦ ਵਿਚ ਆਉਦੀ ਹੈ।

95- ਸਵਰ ਕੀ ਹੁੰਦਾ ਹੈ।

ਉੱਤਰ- ਜਦੋਂ ਹਵਾਂ ਬਿਨਾਂ ਰੁਕਾਵਟ ਤੋਂ ਬਾਹਰ ਆਉਦੀ ਹੈ। ਉਸ ਨੂੰ ਸਵਰ ਕਿਹਾ ਜਾਦਾ ਹੈ।

96- ਪੰਜਾਬੀ ਵਿੱਚ ਕਿਹੜੇ ਕਿਹੜੇ ਅੱਖਰ ਸਵਰ ਹਨ।

ਉੱਤਰ- ੳ, ਅ, ੲ

97- ਸਵਰ ਧੁਨੀਆ ਕਿਹੜੀਆਂ ਹਨ।

ਉੱਤਰ- ਉ, ਊ, ਓ, ਅ, ਆ, ਐ, ਔ, ਇ, ਈ ਏ

98- ਗੰਗਾ ਗਾਏ ਗੰਗਾ ਰਾਮ ਜਮਨਾ ਗਏ ਦਾਸ ਦਾ ਅਰਥ ਦੱਸੋ।

ਉੱਤਰ- ਮੌਕਾ ਪ੍ਰਸਤ ਤੇ ਬੇਅਸੂਲੇ ਲਈ

99- ਊਣਾ ਦਾ ਅਰਥ ਕੀ ਹੈ।

ਉੱਤਰ- ਘੱਟ

100- ਕੋਝਾ ਦਾ ਕੀ ਅਰਥ ਹੁੰਦਾ ਹੈ।

ਉੱਤਰ- ਕਰੂਪ

101- ਹ੍ਰਸਵ ਕੀ ਹੁੰਦਾ ਹੈ।

ਉੱਤਰ- ਜਿਸ ਦੇ ਉਚਾਰਨ ਵਿੱਚ ਸਮਾਂ ਘੱਟ ਲਗਦਾ ਹੈ। ਉਸ ਨੂੰ ਹ੍ਰਸਵ ਕਿਹਾ ਜਾਦਾ ਹੈ।

102-ਤੁਛ ਦਾ ਕੀ ਅਰਥ ਹੈ।

ਉੱਤਰ- ਅਦਨਾ

103- ਵਿਅੰਜਨ ਕੀ ਹੁੰਦੇ ਹਨ।

ਉੱਤਰ- ਜਦੋਂ ਹਵਾ ਉਪਚਾਰਨ  ਅੰਗਾਂ ਵਿਚ ਰਗੜ ਪੈਂਦਾ ਕਰਦੀ ਹੈ ਤਾਂ ਉਸ ਨੂੰ ਵਿਅੰਜਨ ਕਿਹਾ ਜਾਦਾ ਹੈ।

104- ਵਿਅੰਜਨ ਨੂੰ ਕਿੰਨੇ ਭਾਗਾਂ ਵਿਚ ਵੰਡਿਆਂ ਜਾਦਾ ਹੈ।

ਉੱਤਰ- ਤਿੰਨ ਭਾਗਾ ਵਿੱਚ ਵੰਡਿਆਂ ਜਾਦਾ ਹੈ।

ਉਚਾਰਨ ਸਥਾਨ, ਰੋਕ ਦੇ ਅਧਾਰ ਤੇ, ਉਚਾਰਨ ਲਹਿੰਜੇ ਦੇ ਆਧਾਰ ਤੇ

105- ਡੱਕਵੇ ਵਿਅੰਜਨ ਕੀ ਹੁੰਦੇ ਹਨ।

ਉੱਤਰ- ਜਦੋ ਹਵਾ ਨੂੰ ਰੋਂਕ ਕੇ ਛੱਡਿਆ ਜਾਂਦਾ ਹੈ ਤਾ ਉਸਨੂੰ ਡੱਕਵੇ ਵਿਅੰਜਨ ਕਹਿੰਦੇ ਹਨ।

ਚ, ਛ, ਜ, ਟ,ਠ, ਡ, ਤ, ਥ, ਦ, ਪ, ਫ, ਦ

106- ਕੁੜਤਨ ਸਬਦਾ ਦਾ ਵਿਰੋਧੀ ਸਬਦ ਦੱਸੋ।

ਉੂੱਤਰ- ਮਿਠਾਸ

107-  ਜਿਹੜਾ ਸ਼ਬਦ ਕਿਸੇ ਨਾਵ ਦੀ ਥਾ ਤੇ ਵਰਤਿਆ ਜਾਵੇ ਉਸ ਨੂੰ

ਉੱਤਰ- ਪੜਨਾਵ ਕਹਿੰਦੇ ਹਨ।

108-  ਲਗਾ ਜਾ ਲਗਾ ਮਾਤਰਾਂ।

ਉੱਤਰ- ਇਹ ਉਹ ਲਿੰਪੀ ਚਿੰਨ ਹਨ ਜਦੋ ਕਿਸੇ ਨਾ ਕਿਸੇ ਅੱਖਰ ਨਾਲ ਵਰਤੋਂ ਵਿਚ ਆਉਦੇ ਹਨ।

,ੌ ੋ,ਅ,ੈ,ੇ, ਿ,

109-ਲਗਾਖਰ ਕੀ ਹੁੰਦੇ ਹਨ।

ਉੱਤਰ- ਬਿੰਦੀ, ਟਿੱਪੀ, ਅੱਧਕ

110- ਨਰ ਅਤੇ ਮਾਦਾ ਦੇ ਭੇਦ ਨੂੰ ਪੰਜਾਬੀ ਵਿਆਕਰਣ ਵਿਚ ਕਿਹਾ ਜਾਂਦਾ ਹੈ।

ਉੱਤਰ- ਲਿੰਗ ਭੇਦ

111- ਦਿਓਰ ਸ਼ਬਦ ਦਾ ਇਸਤਰੀ ਲਿੰਗ

ਉੱਤਰ- ਦਰਾਣੀ

112- ਰੂਪ ਦੇ ਪੱਖੋ ਤੋਂ ਸੰਬੰਧਕਾ ਦੀਆਂ ਕਿੰਨੀਆ ਸ੍ਰੇਣੀਆਂ ਹਨ।

ਉੱਤਰ- ਦੋ ( ਵਿਕਾਰੀ, ਅਵਿਕਾਰੀ)

113- ਦੁੱਤ ਅੱਖਰ ਕੀ ਹੁੰਦੇ ਹਨ।

ਉੱਤਰ- ਜਦੋਂ ਕਿਸੇ ਅੱਖਰ ਨੂੰ ਕਿਸੇ ਹੋਰ ਅੱਖਰ ਨਾਲ ਜੋੜਿਆ ਜਾਂਦਾ ਹੈ ਤਾਂ ਦੁੱਤ ਅੱਖਰ ਅਖਵਾਉਂਦਾ ਹੈ। ਕਿਸੇ ਅੱਖਰ ਦੇ ਪੈਰ ਵਿਚ ਪੈਣ ਵਾਲੇ ਅੱਖਰ ਨੂੰ ਦੂਤ ਅੱਖਰ ਕਿਹਾ ਜਾਂਦਾ ਹੈ।

114- ਪੰਜਾਬੀ ਭਾਸਾ ਦੀ ਲਿੱਪੀ ਕਿਹੜੀ ਹੈ।

ਉੱਤਰ- ਗੁਰਮਖੀ ਲਿਪੀ

115- ਗੁਰਮਖੀ ਲਿਪੀ ਦਾ ਮੋਢੀ ਕਿਸਨੂੰ ਮੰਨਿਆ ਜਾਦਾ ਹੈ।

ਉੱਤਰ- ਗੁਰੂ ਅੰਗਦ ਦੇਵ ਜੀ ਨੂੰ

116- ਭਾਸ਼ਾ ਦੀ ਛੋਟੀ ਤੋਂ ਛੋਟੀ ਸਾਰਥਕ ਇਕਾਈ ਨੂੰ ਕੀ ਕਹਿੰਦੇ ਹਨ।

ਉੱਤਰ- ਭਾਵਾਂਸ਼, ਧੁਨੀ

117- ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਵਿਚ ਕਿੰਨੇ ਅੱਖਰ ਰਚੇ।

ਉੱਤਰ- ੳ,ਕ,ਚ,ਟ, ਪ

118- ਵਰਨਮਾਲਾ ਵਿਚ ਕਿੰਨੇ ਤੋ ਲੈ ਕੇ ਕਿੰਨੇ ਅੱਖਰ ਆਉਦੇ ਹਨ।

ਉੱਤਰ- ੳ ਤੋ ਲੈ ਕੇ ੜ ਤੱਕ।

119- ਤੁਛ ਦਾ ਕੀ ਅਰਥ ਹੈ।

ਉੱਤਰ- ਅਦਨਾ

120- ਗੁਰਮੁਖੀ ਲਿਪੀ ਨੂੰ ਕਿੰਨੇ ਅੱਖਰੀ ਕਿਹਾ ਜਾਂਦਾ ਹੈ।

ਉੱਤਰ- ਪੈਤੀ ਅੱਖਰੀ

121-ਵਰਨਮਾਣਾ ਨੂੰ ਕਿੰਨੇ ਵਰਗਾਂ ਵਿਚ ਵੰਡਿਆ ਗਿਆ ਹੈ।

ਉੱਤਰ- ਅੱਠ ਵਰਗਾ ਵਿੱਚ।

ਉੱਤਮ ਵਰਗ, ਕਵਰਗ, ਚਵਰਗ, ਟਵਰਗ, ਪਵਰਗ, ਅੰਤਿਮਵਰਗ

122- ਵਰਨਮਾਲਾ ਵਿਚ ਕਿਹੜੇ 6 ਫਾਰਸੀ ਸਬਦ ਹੋਰ ਜੋੜ ਦਿੱਤੇ ਗਏ ਹਨ।

ਉੱਤਰ-਼ਖ, ਸ਼, ਗ਼, ਜ਼, ਫ਼, ਲ਼

123- ਆਈ ਚਲਾਈ ਕਰਨਾ ਦਾ ਅਰਥ

ਉੱਤਰ- ਜੋ ਕਮਾਉਣਾ ਸੋ ਖਾ ਜਾਣਾ

124- ਸਹੀ ਸਮਾਸੀ ਸ਼ਬਦ ਚੁਣੋ।

ਉੱਤਰ- ਹੱਕ- ਹਰਾਮ, ਹੱਕ-ਹਲਾਲ, ਹੱਕ-ਨਿਹੱਕ, ਹੱਕ-ਕਮਾਈ

125- ਅੱਖੋ ਅੰਨੀ ਨਾਂ ਚਰਾਗੋ ਦਾ ਅਰਥ ਹੈ।

ਉੱਤਰ- ਜਿਸਦਾ ਨਾਂ ਉਸਦਾ ਗੁਣਾ ਦੇ ਉਲਟ ਹੋਵੇ।

126- ਕੁੜੀ ਨੇ ਕੁੱਤੇ ਨੂੰ ਰੋਟੀ ਪਾਈ ਕਿਹੜਾ ਕਾਰਕ ਹੈ।

ਉੱਤਰ- ਸੰਪਰਦਾਨ ਕਾਰਕ

127- ਮੇਜ਼, ਪਤੀਲਾ, ਪੱਖਾ, ਘੜਾ ਆਦਿ ਲਿੰਗ ਦੇ ਕਿਹੜੇ ਵਰਗ ਨਾਲ ਸਬੰਧਤ ਹਨ।

ਉੱਤਰ- ਵਿਆਕਰਨ ਲਿੰਗ

128- ਦੋਹਾ ਮੁੰਡਿਆਂ ਨੂੰ ਇਨਾਮ ਮਿਲਿਆ ਵਿਚ ਸੰਬੰਧਕ ਦੀ ਤਲਾਸ ਕਰੋ।

ਉੱਤਰ- ਨੂੰ ਸੰਬੋਧਕ

129- ਸਮਾਸੀ ਸਬਦ ਹਨ।

ਉੱਤਰ- ਗੱਲ-ਬਾਤ, ਆਪ-ਬੀਤੀ, ਸਵੈ-ਰੌਜਗਾਰ

130- ਤੁਛ ਦਾ ਕੀ ਅਰਥ ਹੈ।

ਉੱਤਰ- ਅਦਨਾ

131- ਸੁੱਧ ਸਬਦ ਜੋੜ ਚੁਣੋ।

ਉੱਤਰ- ਬੁਡਾ- ਬੁੱਢਾ, ਬੂਢਾਂ- ਬੁੱਢਾ

132- ਸਬਦ ਬੋਧ ਕੀ ਹੁੰਦਾ ਹੈ।

ਉੱਤਰ- ਧੁਨੀਆ ਦੇ ਸਮੂਹ ਤੋਂ ਬਣੀ ਭਾਸ਼ਾ ਦੀ ਸਾਰਥਕ ਇਕਾਈ ਨੂੰ ਸ਼ਬਦ ਕਿਹਾ ਜਾਦਾ ਹੈ। ਇਨਾਂ ਨੂੰ ਚਾਰ ਭਾਗਾ ਵਿੱਚ ਵੰਡਿਆ ਗਿਆ ਹੈ।

ਰਚਨਾ ਦੇ ਅਧਾਰ ਤੇ, ਅਰਥ ਦੇ ਅਧਾਰ ਤੇ, ਰੂਪ ਦੇ ਅਧਾਰ ਤੇ, ਪ੍ਰਯੋਗ ਦੇ ਅਧਾਰ ਤੇ

133- ਰਚਨਾ ਦੇ ਅਧਾਰ ਤੇ ਸ਼ਬਦ ਕਿੰਨੇ ਪ੍ਰਕਾਰ ਦਾ ਹੁੰਦਾ ਹੈ।

ਉੱਤਰ- ਦੋ ਪ੍ਰਕਾਰ ਦਾ ਹੁੰਦਾ ਹੈ।

ਮੂਲ ਅਤੇ ਰਚਿਤ

134- ਸਮਾਸੀ ਸ਼ਬਦ ਕੀ ਹੁੰਦਾ ਹੈ।

ਉੱਤਰ- ਜ਼ਦੋ ਸਮਾਸੀ ਚਿੰਨ ਦੀ ਵਰਤੋ ਕੀਤੀ ਜਾਦੀ ਹੈ ਤਾ ਇਸ ਵਿਚਕਾਰ ਲੱਗਿਆ ਸੰਬੰਧਕ ਹਟਾ ਦਿੱਤਾ ਜਾਦਾ ਹੈ। ਜਿਵੇ

ਦਿਨ-ਰਾਤ- ਵਿਰੋਧੀ ਸਮਾਸੀ

ਹੌਲੀ-ਹੋਲੀ - ਵਿਸ਼ੇਸ਼ਣ ਸਮਾਸੀ

ਵਿਆਹ ਸ਼ਾਦੀ - ਸਮਾਨ ਸਮਾਸੀ

135- ਵਿਧੇਤਰ ਕੀ ਹੁੰਦਾ ਹੈ।

ਉੱਤਰ – ਜਿਸ ਸਾਰਥਕ ਸ਼ਬਦ ਨਾਵ ਅਗੇਤਰ ਤੇ ਪਿਛੇਤਰ ਦੀ ਵਰਤੋ ਹੁੰਦੀ ਹੈ। ਉਸ ਨੂੰ ਵਿਧੇਤਰ ਕਿਹਾ ਜਾਦਾ ਹੈ।

136- ਉਤਪਨ ਕੀ ਹੁੰਦਾ ਹੈ।

ਉੱਤਰ- ਜਦੋ ਕਿਸੇ ਸਬਦ ਨਾਲ ਅਗੇਤਰ ਪਿਛੇਤਰ ਦੀ ਵਰਤੋ ਕੀਤੀ ਜਾਦੀ ਹੈ ਤਾ ਉਸ ਨੂੰ ਉਤਪਨ ਕਿਹਾ ਜਾਦਾ ਹੈ।

137- ਫੜਾ ਮਾਰਨੀਆਂ ਵਾਕ ਦਾ ਅਰਥ ਹੈ।

ਉੱਤਰ- ਸੇਖੀ ਮਾਰਨੀ।

138- ਮਾਝੀ ਕਿਸੇ ਖੇਤਰ ਦੀ ਭਾਸ਼ਾ ਹੈ।

ਉੱਤਰ- ਅੰਮਿਤਸਰ, ਗੁਰਦਾਸਪੁਰ

139- ਮਲਵਈ ਕਿਸ ਖੇਤਰ ਦੀ ਭਾਸ਼ਾ ਹੈ।

ਉੱਤਰ- ਪਟਿਆਲਾ, ਸੰਗਰੂਰ

140- ਦੁਆਬੀ ਕਿਸ ਖੇਤਰ ਦੀ ਭਾਸ਼ਾ ਹੈ।

ਉੱਤਰ- ਹੁਸ਼ਿਆਰਪੁਰ, ਜਲੰਧਰ

141- ਔੜ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ।

ਉੱਤਰ- ਵਰਖਾ

142- ਸਾਇਆਂ ਕਿਤੇ---------ਅਖਾਣ ਪੂਰੀ ਕਰੋ।

ਉੱਤਰ- ਵਧਾਈਆਂ ਕਿਤੇ।

143- ਮੁਕਤਾ ਅੱਖਰ ਕਿਹੜੇ ਹਨ।

ਉੱਤਰ- ਜਿਨ੍ਹਾਂ ਨੂੰ ਕੋਈ ਲੱਗ ਨਾ ਲੱਗੇ।

144- ਅਰਥ ਦੇ ਅਧਾਰ ਤੇ ਸ਼ਬਦ ਕਿੰਨੇ ਪ੍ਰਕਾਰ ਦਾ ਹੁੰਦਾ ਹੈ।

ਉੱਤਰ- ਦੋ ਪ੍ਰਕਾਰ ਦਾ ਹੁੰਦਾ ਹੈ।

ਸਾਰਥਕ ਅਤੇ ਨਿਰਾਥਕ

145- ਰੂਪ ਦੇ ਆਧਾਰ ਤੇ ਸ਼ਬਦ ਕਿੰਨੇ ਪ੍ਰਕਾਰ ਦੇ ਹੁੰਦੇ ਹਨ।

ਉੱਤਰ- ਦੋ ਪ੍ਰਕਾਰ ਦੇ ਹੁੰਦੇ ਹਨ।

ਵਿਕਾਰੀ ਅਤੇ ਅਵਿਕਾਰੀ

146- ਵਿਕਾਰੀ ਕਿਸਨੂੰ ਕਹਿੰਦੇ ਹਨ।

ਉੱਤਰ- ਜਿਹੜੇ ਦਾ ਰੂਪ ਬਦਲ ਸਕਦਾ ਹੈ ਪਰ ਅਰਥ ਨਹੀ ਬਦਲ ਸਕਦੇ।

ਉਦਾਹਰਨ- ਮੁੰਡਾ ਗੀਤ ਗਾਉਂਦਾ ਹੈ

ਮੁੰਡੇ ਨੇ ਗੀਤ ਗਾਇਆ।

147- ਨਾਂਵ ਕਿੰਨੇ ਪਕਾਰ ਦਾ ਹੁੰਦਾ ਹੈ।

ਉੱਤਰ- ਪੰਜ ਪ੍ਰਕਾਰ ਦਾ ਹੁੰਦਾ ਹੈ।

1 ਆਮ ਨਾਵ ਜਾ ਜਾਤੀ ਵਾਚਕ ਨਾਵ

2 ਖਾਸ ਨਾਂਵ ਜਾ ਨਿੱਜਵਾਚਕ

3 ਇਕੱਠਵਾਚਕ ਜਾਂ ਸਮੂਹਵਾਚਕ

4 ਭਾਵ ਵਾਚਕ

5 ਵਸਤੂ ਵਾਚਕ ਜਾ ਪਦਾਰਥਵਾਚਕ

148-ਪੰਜਾਬੀ ਵਿੱਚ ਸੰਖਿਅਕ ਵਿਸ਼ੇਸ਼ਣ ਨੂੰ ਕਿੰਨੇ ਰੂਪ ਮੰਨੇ ਗਏ ਹਨ।

ਉੱਤਰ- ਛੇ

149- ਪੁਰਖਵਾਚਕ ਪੜਨਾਵ ਨੂੰ ਕਿੰਨੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ

ਉੱਤਰ- ਤਿੰਨ

150- ਸ਼ਬਦ ਰਚਨਾ ਅਨੁਸਾਰ ਸ਼ਬਦਾਂ ਦੀਆਂ ਕਿੰਨੀਆਂ ਸ੍ਰੇਣੀਆਂ ਹਨ।

ਉੱਤਰ- ਦੋ ਸ੍ਰੇਣੀਆ ਹਨ। ਮੂਲ ਤੇ ਰਚਿਤ

151- ਬਣਤਰ ਦੇ ਆਧਾਂਰ ਤੇ ਸ਼ਬਦ ਕਿੰਨੈ ਪ੍ਰਕਾਰ ਦੇ ਹੁੰਦੇ ਹਨ।

ਉੱਤਰ- ਦੋ ਪ੍ਰਕਾਰ ਦੇ ਹੁੰਦੇ ਹਨ।

152- ਨਿਸਚੇਵਾਚਕ ਪੜਨਾਂਵ ਕਿਹੜੇ ਹੁੰਦਾ ਹੈ।

ਉੱਤਰ- ਜਿਸ ਚੀਜ ਦਾ ਨਿਸਚਿਤ ਪ੍ਰਰਿਵਾਨ ਹੈ। ਇਹ ਦੋ ਪ੍ਰਕਾਰ ਦਾ ਹੁੰਦਾ ਹੈ

ਨਿਕਟਵਰਤੀ- ਇਹ

ਦੂਰਵਰਤੀ- ਉਹ

153- ਨਿੱਜਵਾਚਕ ਪੜਨਾਂਵ ਕਿਹੜੇ ਹੁੰਦਾ ਹੈ।

ਉੱਤਰ- ਜਦੋ ਕਿਸੇ ਕੰਮ ਨੂੰ ਆਪ ਕਰਦੇ ਹਾਂ। ਉਦਾਹਰਨ- ਮੈ ਆਪ ਪੜਨਾਂਵ ਹਾਂ

154- ਸੰਬੰਧ ਵਾਚਕ ਪੜਨਾਂਵ ਕਿਹੜੇ ਹੁੰਦਾ ਹੈ।

ਉੱਤਰ- ਜੋ ਦੋ ਉਪਵਾਕਾ ਨੂੰ ਆਪਸ ਵਿੱਚ ਜੋੜਦਾ ਹੈ ਅਤੇ ਪੜਨਾਂਵ ਹੁੰਦਾ ਹੈ।

ਉਦਾਹਰਨ- ਜਿਹੜੇ ਮਿਹਨਤ ਕਰਦੇ ਹਨ ਉਹੀ ਕਾਮਯਾਬ ਹੁੰਦੇ ਹਨ।

155- ਪ੍ਰਸ਼ਨਾਵਾਚਕ ਪੜਨਾਂਵ ਕਿਹੜੇ ਹੁੰਦਾ ਹੈ।

ਉੱਤਰ- ਜਦੋ ਕਿਸੇ ਤੋ ਪ੍ਰਸਨ ਪੁੱਛਿਆ ਜਾਵੇ।

ਉਦਾਹਰਨ- ਘਰੇ ਕੀ ਬਣਾਇਆ

156- ਖਾ,ਪੀ, ਓਠਣਾ, ਜਾਗਣਾ ਆਦਿ ਸ਼ਬਦ ਹੁੰਦੇ ਹਨ।

ਉੱਤਰ- ਕਿਰਿਆ

157- ਹੰਢਣਸਾਰ ਉਤਪੰਨ ਸ਼ਬਦ ਕਿਹੜੀ ਸ੍ਰੇਣੀ ਵਿਚ ਆਉਦਾ ਹੈ।

ਉੱਤਰ- ਪਿਛੇਤਰ

158- ਵਾਕ ਰਚਨਾ ਦੇ ਨੇਮਾਂ ਨੂੰ ਹੇਠ ਲਿਖੇ ਕਿੰਨੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

ਉੱਤਰ- ਤਿੰਨ

159- ਸਵਰ ਧੁਨੀਆ ਕਿਹੜੀਆਂ ਹੁੰਦੀਆਂ ਹਨ।

ਉੱਤਰ- ੳ,ਅ,ੲ

160- ਵਿਸੇਸ਼ਣ ਦੀਆ ਪੰਜ ਕਿਸਮਾ ਕਿਹੜੀਆਂ ਹਨ।

ਉੱਤਰ- 1-ਗੁਣਵਾਚਕ ਵਿਸ਼ੇਸ਼ਣ

2- ਸੰਖਿਆਵਾਚਕ ਵਿਸ਼ੇਸਣ

3- ਨਿਸਚੇਵਾਚਕ ਵਿਸੇਸਣ

4- ਪਰਿਮਾਣਵਾਚਕ ਵਿਸੇਸਣ

5- ਪੜਨਾਂਵੀ ਵਿਸ਼ੇਸ਼ਣ

161- ਕਿਰਿਆ ਨੂੰ ਕਿੰਨੈ ਭਾਗਾ ਵਿਚ ਵੰਡਿਆ ਜਾਦਾ ਹੈ।

ਉੱਤਰ- ਚਾਰ ਭਾਗਾ ਵਿੱਚ

1- ਕਾਰਜ ਜਾ ਅਰਥ ਪੱਖ ਤੋ

2- ਕਰਮ ਪੱਥ

3- ਬਣਤਰ ਪੱਥ

4- ਵਾਕ ਪੱਖ ਤੋ

162- ਰਾਮ ਹਾਕੀ ਖੇਡਦਾ ਹੈ। ਇਸ ਵਿਚ ਕਰਤਾ ਕਰਮ ਅਤੇ ਕਿਰਿਆ ਦੱਸੋ।

ਉੱਤਰ- ਰਾਮ- ਕਰਤਾ

ਹਾਕੀ- ਕਰਮ

ਖੇਡਦਾ- ਕਿਰਿਆ

163- ਸੰਸਰਗੀ ਕਿਰਿਆ ਕੀ ਹੁੰਦੀ ਹੈ।

ਉੱਤਰ- ਜਿਸ ਕਿਰਿਆ ਨਾਲ ਮੂਲ ਕਿਰਿਆ ਨਾ ਹੋਵੇ ਉਸ ਨੂੰ ਸੰਸਰਗੀ ਕਿਰਿਆ ਕਹਿੰਦੇ ਹਨ।

ਚਿੰਨ- ਹੈ, ਹਨ, ਸੀ, ਸਨ

164- ਕਿਰਿਆ ਵਿਸੇਸਣ ਕਿਸਨੂੰ ਕਹਿੰਦੇ ਹਨ।

ਉੱਤਰ- ਜਿਸ ਤੋ ਸਾਨੂੰ ਕਿਰਿਆ ਦੀ ਵਿਸੇਸਤਾ ਦਾ ਪਤਾ ਲੱਗੇ ਉਸਨੂੰ ਕਿਰਿਆ ਵਿਸ਼ੇਸਣ ਕਹਿੰਦੇ ਹਨ।

ਇਹ ਅੱਠ ਪ੍ਰਕਾਰ ਦਾ ਹੁੰਦਾ ਹੈ।

165- ਕਾਲ ਵਾਚਕ ਕਿਰਿਆ ਵਿਸੇਸਣ ਕਿਸਨੂੰ ਕਹਿੰਦੇ ਹਨ।

ਉੱਤਰ- ਜਦੋ ਕਿਸੇ ਕਿਰਿਆ ਦੀ ਦੋਹਰਾਈ ਜਾ ਵਾਰ ਵਾਰ ਵਰਤੋ ਕੀਤੀ ਜਾਦੀ ਹੈ ਉਹ ਕਾਲ ਵਾਚਕ ਕਿਰਿਆ ਵਿਸ਼ੇਸਣ ਅਖਵਾਉਦਾ ਹੈ।

ਉਦਾਹਰਨ- ਰਾਮ ਪਿਛਲੇ ਦੋ ਸਾਲਾ ਤੋ ਚੰਡੀਗੜ੍ਹ ਰਹੀ ਰਿਹਾ ਹੈ।

166- ਪ੍ਰਕਾਰ ਵਾਚਕ ਕਿਰਿਆ ਵਿਸੇਸਣ ਕਿਸਨੂੰ ਕਹਿੰਦੇ ਹਨ।

ਉੱਤਰ- ਜਦੋ ਸਾਨੂੰ ਕਿਸੇ ਦੇ ਕੰਮ ਦਾ ਤਰੀਕਾ ਜਾ ਢੰਗ ਪਤਾ ਲੱਗੇ।

ਉਦਾਹਰਨ- ਉਹ ਹੋਲੀ ਹੋਲੀ ਤੁਰਦਾ ਹੈ।

167- ਕਾਰਨ ਵਾਚਕ ਕਿਰਿਆ ਵਿਸੇਸਣ ਕਿਸਨੂੰ ਕਹਿੰਦੇ ਹਨ।

ਉੱਤਰ- ਜਿਸ ਤੋ ਕਿਰਿਆ ਦੇ ਹੋਣ ਦੇ ਕਾਰਨ ਪਤਾ ਲੱਗੇ।

ਉਦਾਹਰਨ- ਉਹ ਦਾ ਵਿਹਾਰ ਚੰਗਾ ਨਹੀ ਹੈ ਇਸ ਕਰਕੇ ਮੈ ਉੁਸ ਨੂੰ ਉਦਾਰ ਨਹੀ ਦਿੰਦਾ।

168- ਪਰਿਮਾਣਵਾਚਕ ਕਿਰਿਆ ਵਿਸੇਸਣ ਕਿਸਨੂੰ ਕਹਿੰਦੇ ਹਨ।

ਉੱਤਰ- ਕਿਸੇ ਦੇ ਤੋਲ ਜਾ ਮਾਪ ਜਾ ਭਾਂਰ ਦਾ ਪਤਾ ਲੱਗੇ

ਉਦਾਹਰਨ- ਉਹ ਥੋੜਾ ਅੜਿਅਲ ਸੁਭਾਅ ਦਾ ਹੈ।

169- ਸੰਖਿਆਵਾਚਕ ਕਿਰਿਆ ਵਿਸੇਸਣ ਕਿਸਨੂੰ ਕਹਿੰਦੇ ਹਨ।

ਉੱਤਰ- ਜਦੋ ਕਿਸੇ ਸੰਖਿਆ ਨੂੰ ਵਾਰੀ ਵਾਰੀ ਦੋਹਰਾਈ ਜਾਵੇ।

ਉਦਾਹਰਨ- ਵਾਰੀ-ਵਾਰੀ, ਘੜੀ-ਘੜੀ

170- ਸਬੰਧਕ ਕਿਸਨੂੰ ਕਹਿੰਦੇ ਹਨ।

ਉੱਤਰ- ਜੋ ਦੋ ਸ਼ਬਦਾ ਨੂੰ ਜੋੜੇ ਉਸਨੂੰ ਸੰਬੰਧਕ ਕਹਿੰਦੇ ਹਨ। ਇਸਨੂੰ ਤਿੰਨ ਭਾਗਾ ਵਿਚ ਵੱਡਿਆ ਜਾਦਾ ਹੈ।

ਸਧਾਰਨ ਪੱਖ, ਰੂਪ ਪੱਖ, ਅਰਥ ਪੱਖ

171- ਸਮੁੱਚੀ ਸਮਾਨ ਯੋਜਕ ਕਿਸਨੂੰ ਕਿਹਾ ਜਾਦਾ ਹੈ।

ਉੱਤਰ- ਜਦੋ ਦੋ ਉਪਵਾਕ ਆਪਸ ਵਿਚ ਜੁੜਦੇ ਹਨ ਅਤੇ ਸਾਮਾਨ ਰੂਪ ਵਿਚ ਭਾਂਵ ਪ੍ਰਗਟ ਕਰਦੇ ਹਨ ਉਸ ਨੂੰ ਸਮੁੱਚੀ ਸਮਾਨ ਯੋਜਕ ਕਿਹਾ ਜਾਦਾ ਹੈ।

ਉਦਾਹਰਨ- ਚਾਹ ਵੀ ਪਿਓ ਤੇ ਰੋਟੀ ਵੀ ਖਾਉ।

172- ਵਿਕਲਪੀ ਸਮਾਨ ਯੋਜਕ ਕਿਸਨੂੰ ਕਹਿੰਦੇ ਹਨ।

ਉੱਤਰ- ਜਦੋ ਦੋ ਉਪਵਾਕ ਆਪਸ ਵਿੱਚ ਜੁੜਦੇ ਹਨ ਅਤੇ ਆਪਸ ਵਿਚ ਵਟਾਦਰੇ ਦਾ ਭਾਵ ਪ੍ਰਗਟ ਕਰਦੇ ਹਨ ਉਸ ਨੂੰ ਵਿਕਲਪੀ ਯੋਜਕ ਕਿਹਾ ਜਾਦਾ ਹੈ।

173- ਵਾਕ ਬੋਧ ਕਿਸਨੂੰ ਕਹਿੰਦੇ ਹਨ।

ਉੱਤਰ- ਵਿਆਕਰਨ ਦਾ ਉਹ ਭਾਗ ਜਿਸ ਵਿੱਚ ਵਾਕ ਰਚਨਾ, ਵਾਕ ਵੰਡ ਜਾ ਸ੍ਰੇਣੀ, ਵਾਕ ਵਟਾਂਦਰਾ, ਵਾਚ ਅਤੇ ਵਿਸ਼ਰਾਮ ਚਿੰਨ੍ਹਾਂ ਦਾ ਗਿਆਨ ਪ੍ਰਾਪਤ ਹੁੰਦਾ ਹੈ ਨੂੰ ਵਾਕਬੋਧ ਕਿਹਾ ਜਾਦਾ ਹੈ।

174- ਵਾਕ ਕਿਸਨੂੰ ਕਹਿੰਦੇ ਹਨ।

ਉੱਤਰ- ਪੂਰੇ ਭਾਵ ਨੂੰ ਵਿਅਕਤ ਕਰਨ ਵਾਲੀ ਭਾਸ਼ਾ ਇਕਾਈ ਨੂੰ ਵਾਕ ਕਿਹਾ ਜਾਦਾ ਹੈ।

ਵਾਕ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ।

ਉਦੇਸ ਅਤੇ ਵਿਧੇਅ

175- ਸੰਯੁਕਤ ਵਾਕ ਕਿਸਨੂੰ ਕਹਿੰਦੇ ਹਨ।

ਉੱਤਰ- ਜਦੋ ਇਕ ਤੋ ਵੱਧ ਕ੍ਰਿਆ ਵਾਕ ਵਿੱਚ ਕੰਮ ਕਰਦੀ ਹੈ ਤੇ ਦੋ ਉਪਵਾਕਾ ਨੂੰ ਯੋਜਕ ਦੀ ਮੱਦਦ ਨਾਲ ਜੋੜਿਆ ਜਾਦਾ ਹੈ ਉਸ ਨੂੰ ਸੰਯੁਕਤ ਵਾਕ ਕਿਹਾ ਜਾਦਾ ਹੈ।

176- ਬਿਆਨੀਆ ਕਿੰਨੇ ਪ੍ਰਕਾਰ ਦਾ ਹੁੰਦਾ ਹੈ।

ਉੱਤਰ- ਦੋ ਪ੍ਰਕਾਰ ਦਾ ਹੁੰਦਾ ਹੈ।

ਹਾ ਵਾਚਕ ਅਤੇ ਨਾਹ ਵਾਚਕ

177- ਕਰਤਰੀ ਕੀ ਹੁੰਦਾ ਹੈ।

ਉੱਤਰ- ਜਿਸ ਵਾਕ ਵਿਚ ਕਰਤਾ ਪ੍ਰਧਾਨ ਹੋਵ।

ਉਦਾਹਰਨ- ਕੁੜੀਆ ਫੁੱਲ ਤੋੜ ਰਹੀਆ ਹਨ।

178- ਕਰਮਣੀ ਕੀ ਹੁੰਦਾ ਹੈ।

ਉੱਤਰ- ਜਿਸ ਵਾਕ ਵਿੱਚ ਕਰਮ ਪ੍ਰਧਾਨ ਹੋਵੇ।

ਉਦਾਹਰਨ- ਫੁੱਲ ਕੁੜੀਆ ਦੁਆਰਾ ਤੋੜੇ ਜਾਦੇ ਹਨ।

179- ਵਿਸਰਾਮ ਚਿੰਨ ਕਿੰਨੇ ਤਰ੍ਹਾਂ ਦੇ ਹੁੰਦੇ ਹਨ।

ਉੱਤਰ- 13 ਤਰ੍ਹਾਂ ਦੇ ਹੁੰਦੇ ਹਨ।

180- ਛੁੱਟੀ ਮਰੋੜੀ ਕਿਸਨੂੰ ਕਹਿੰਦੇ ਹਨ।

ਉੱਤਰ- ਕਿਸੇ ਸ਼ਬਦ ਨੂੰ ਛੋਟਾ ਕਰਕੇ ਲਿਖਿਆ ਜਾਦਾ ਹੈ ਉਸ ਨੂੰ ਛੁੱਟ ਮਰੋੜੀ ਅਖਵਾਉਦਾ ਹਾਂ।

ਉਦਾਹਰਨ- ਚ ਮਤਲਬ ਵਿੱਚ

181- ਅਰਥ ਬੋਧ ਕਿਸਨੂੰ ਕਹਿੰਦੇ ਹਨ।

ਉੱਤਰ- ਵਿਅਕਾਰਨ ਦਾ ਉਹ ਭਾਗ ਜਿਸ ਵਿੱਚ ਸੁੱਧ, ਅਸੁੱਧ, ਸ਼ਬਦ, ਸਮਾਨ ਆਰਥਕ ਸ਼ਬਦ, ਵਿਰੋਧੀ ਸ਼ਬਦ, ਬਹੁਤੇ ਸ਼ਬਦਾ ਦੀ ਥਾਂ ਇੱਕ ਸ਼ਬਦ ਮੁਹਾਵਰੇ ਅਤੇ ਅਖਾਣ ਦਾ ਗਿਆਨ ਪ੍ਰਾਪਤ ਹੁੰਦਾ ਹੈ। ਉਸ ਨੂੰ ਅਰਥ ਬੋਧ ਕਿਹਾ ਜਾਂਦਾ ਹੈ।

182- ਕਾਲ ਕਿੰਨੇ ਪ੍ਰਕਾਰ ਦਾ ਹੁੰਦਾ ਹੈ।

ਉੱਤਰ- ਤਿੰਨ ਪ੍ਰਕਾਰ ਦਾ ਹੁੰਦਾ ਹੈ

ਵਰਤਮਾਨ ਕਾਲ, ਭੂਤ ਕਾਲ, ਭਵਿੱਖ ਕਾਲ

183- ਬੋਲੀ ਤੇ ਲਿਪੀ ਦਾ ਕੀ ਸੰਬੰਧ ਹੈ।

ਉੱਤਰ- ਲਿਪੀ ਬੋਲੀ ਨੂੰ ਲਿਖਤੀ ਰੂਪ ਵਿਚ ਪੇਸ਼ ਕਰਦੀ ਹੈ ਇਹ ਇੱਕ ਤਰ੍ਹਾਂ ਨਾਲ ਬੋਲੀ ਦਾ ਪਹਿਰਾਵਾ ਹੈ। ਇਸ ਰਾਹੀ ਸੂਖਮ ਨਾ ਰਹਿ ਕੇ ਸਾਕਾਰ ਰੂਪ ਧਾਰ ਲੈਂਦੀ ਹੈ।

184- ਕਿਹੜੇ-ਕਿਹੜੇ ਅੱਖਰਾਂ ਦੇ ਪੈਰਾਂ ਵਿਚ ਬਿੰਦੀ ਲਾਈ ਜਾਂਦੀ ਹੈ।

ਉੱਤਰ- ਗੁਰਮੁਖੀ ਦੇ ਪਹਿਲਾਂ ਪ੍ਰਚਲਿਤ ਹੇਠ ਲਿਖੇ ਅੱਖਰਾਂ ਦੇ ਪੈਰਾਂ ਵਿਚ ਬਿੰਦੀ ਪਾ ਕੇ ਨਵੇਂ ਅੱਖਰ ਬਣਾਏ ਗਏ ਹਨ ਅਤੇ ਇਨ੍ਹਾਂ ਦੀ ਲੋੜ ਉਰਦ- ਫਾਰਸੀ ਵਿੱਚੋ ਆਏ ਸ਼ਬਦਾਂ ਦੀਆਂ ਧੁਨੀਆਂ ਨੰ ਪ੍ਰਗਟ ਕਰਨ ਲਈ ਪਈ। ਇਹ ਅੱਖਰ ਹਨ। ਸ਼, ਖ਼, ਗ਼, ਜ਼, ਫ਼।

185- ਗੁਰਮੁਖੀ ਲਿਪੀ ਦੇ ਹੋਰ ਕਿਹੜੇ ਕਿਹੜੇ ਨਾਂ ਪ੍ਰਸਿੱਧ ਰਹੇ ਹਨ?

ਉੱਤਰ- ਗੁਰਮੁਖੀ ਲਿਪੀ ਦੇ ਪੈਂਤੀ, ਪੈਂਤੀ ਅੱਖਰੀ ਤੇ ਪੰਜਾਬੀ ਲਿਪੀ ਤਿੰਨ ਹੋਰ ਨਾਂ ਪ੍ਰਸਿੱਧ ਹਨ।

186- ਲਿਪੀ ਤੇ ਵਰਨਮਾਲਾ ਵਿਚ ਕੀ ਅੰਤਰ ਹੈ।

ਉੱਤਰ- ਲਿਪੀ ਉਨਾਂ ਸਾਰੇ ਚਿੰਨਾਂ ਨੂੰ ਕਿਹਾ ਜਾਦਾ ਹੈ ਜਿਨ੍ਹਾਂ ਤੋ ਕਿਸੇ ਬੋਲੀ ਨੂੰ ਲਿਖਤੀ ਰੂਪ ਦੇਣ ਦਾ ਕੰਮ ਲਿਆ ਜਾਦਾ ਹੈ। ਭਰ ਵਰਨਮਾਲਾ ਵਿਚ ਕੇਵਲ ਵਰਨ ਹੀ ਸ਼ਾਮਲ ਕੀਤੇ ਹਨ ਤੇ ਉਹ ਵਿਸ਼ੇਸ਼ ਤਰਤੀਬ ਵਿਚ ਲਿਖੇ ਜਾਂਦੇ ਹਨ।

187- ਵਿਅੰਜਨ ਧੁਨੀਆ ਕੀ ਹੁੰਦੀਆਂ ਹਨ।

ਉੱਤਰ- ਵਿਅਜਨ ਉਨਾਂ ਧੁਨੀਆਂ ਨੂੰ ਆਖਿਆ ਜਾਦਾ ਹੈ, ਜਿਨ੍ਹਾਂ ਦਾ ਉਚਾਰਨ ਕਰਨ ਸਮੇਂ ਜੀਭ ਮੂੰਹ ਦੇ ਅੰਦਰ ਕਿਸੇ ਥਾਂ ਛੋਹ ਕੇ ਜਾਂ ਬੁੱਲ੍ਹ ਆਪਸ ਵਿਚ ਛੋਹ ਕੇ ਸਾਹ ਨੂੰ ਕੁੱਝ ਸਮੇਂ ਲਈ ਰੋਕ ਲੈਂਦੇ ਹਨ।

188- ਪੰਜਾਬੀ ਵਿਚ ਕਿਹੜੀਆਂ-ਕਿਹੜੀਆਂ ਧੁਨੀਆਂ ਵਿਅੰਜਨ ਹਨ।

ਉੱਤਰ- ਪੰਜਾਬੀ ਵਿਚ ਸ ਤੋ ੜ ਤਕ ਸਾਰੀਆਂ ਧੁਨੀਆ ਹੀ ਵਿਅੰਜਨ ਹਨ।

189- ਅਨੁਨਾਸਿਕ ਜਾ ਨਾਸਿਕੀ ਧੁਨੀਆਂ ਕਿਨ੍ਹਾਂ ਨੂੰ ਕਹਿੰਦੇ ਹਨ।

ਉੱਤਰ- ਜਿਹੜੀਆਂ ਧੁਨੀਆਂ ਨੱਕ ਵਿੱਚੋ ਉਚਾਰੀਆਂ ਜਾਂਦੀਆਂ ਹਨ, ਉਹ ਅਨੁਨਾਸਿਕ ਹੁੰਦੀਆਂ ਹਨ

190- ਨਾਸਿਕੀ ਵਿਅੰਜਨ ਕੀ ਹੁੰਦੇ ਹਨ।

ਉੱਤਰ- ਨਾਸਿਕੀ ਵਿਅੰਜਨ ਉਸ ਧੁਨੀ ਨੂੰ ਕਿਹਾ ਜਾਂਦਾ ਹੈ, ਜਿਸ ਦਾ ਉਚਾਰਨ ਕਰਨ ਸਮੇਂ ਅਵਾਜ਼ ਨੱਕ ਵਿਚੋਂ ਨਿਕਲਦੀ ਹੈ ।

191- ਲਗਾਂ- ਮਾਤਰਾਂ ਕੀ ਹੁੰਦੀਆਂ ਹਨ।

ਉੱਤਰ- ਲਗਾਂ- ਮਾਤਰਾ ਸਵਰਾ ਦੇ ਚਿੰਨ੍ਹ ਹੁੰਦੇ ਹਨ। ਪੰਜਾਬੀ ਵਿਚ ਭਾਵੇ ਤਿੰਨ ਅੱਖਰ ੳ, ਅ, ੲ ਹੀ ਸਵਰ ਹਨ ਪਰੰਤੂ ਵਰਤੋ ਵਿਚ ਇਨ੍ਹਾਂ ਦੀ ਗਿਣਤੀ ਦਸ ਹੈ

192- ਮੁਕਤਾ ਕੀ ਹੈ?

ਉੱਤਰ- ਮੁਕਤਾ ਇਕ ਹ੍ਰਸਵ ਸਵਰ ਹੈ ਜਿਸ ਦਾ ਕੋਈ ਚਿੰਨ੍ਹ ਨਹੀਂ। ਇਸ ਦੀ ਆਵਾਜ਼ ਅ ਦੇ ਬਰਾਬਰ ਹੁੰਦੀ ਹੈ।

193- ਬਿੰਦੀ ਅਤੇ ਟਿੱਪੀ ਦੀ ਵਰਤੋਂ ਕਦੋਂ ਤੇ ਕਿਨ੍ਹਾਂ-ਕਿਨ੍ਹਾਂ ਲਗਾਂ ਨਾਲ ਹੁੰਦੀ ਹੈ।

ਉੱਤਰ- ਦਸਾਂ ਲਗਾਂ ਵਿਚੋਂ ਜਦੋ ਕਿਸੇ ਦਾ ਉਚਾਰਨ ਨੱਕ ਵਿੱਚੋ ਹੁੰਦਾ ਹੈ, ਤਾਂ ਉਸ ਦੇ ਨਾਲ ਬਿੰਦੀ ਅਤੇ ਟਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ

194- ਅੱਧਕ ਦੀ ਵਰਤੋ ਕਦੋਂ ਕੀਤੀ ਜਾਂਦੀ ਹੈ।

ਉੱਤਰ- ਪੰਜਾਬੀ ਵਿਚ ਅੱਖਰਾਂ ਦੀ ਦੋਹਰੀ ਅਵਾਜ਼ ਨੂੰ ਪ੍ਰਗਟ ਕਰਨ ਲਈ ਹਿੰਦੀ, ਸੰਸਕਿਤ ਵਾਂਗ ਅੱਧੇ ਅੱਖਰ ਨਹੀਂ ਪਾਏ ਜਾਂਦੇ, ਸਗੋ ਜਿਸ ਅੱਖਰ ਦੀ ਅਵਾਜ਼ ਦੋਹਰੀ ਕਰਨੀ ਹੋਵ, ਉਸ ਤੋ ਪਹਿਲੇ ਅੱਖਰ ਉੱਪਰ ਅੱਧਕ ਪਾ ਕੇ ਕੰਮ ਸਾਰ ਲਿਆ ਜਾਂਦਾ ਹੈ। ਜਿਵੇ- ਸੱਚ

195- ਅੱਧਕ ਦੀ ਵਰਤੋ ਕਿਹੜੀ- ਕਿਹੜੀ ਲਗ ਨਾਲ ਹੁੰਦੀ ਹੈ।

ਉੱਤਰ- ਪੰਜਾਬੀ ਵਿਚ ਅੱਧਕ ਦੀ ਵਰਤੋ ਮੁਕਤਾ, ਸਿਹਾਰੀ, ਤੇ ਔਕੜ ਲਗ ਨਾਲ ਹੁੰਦੀ ਹੈ, ਪਰੰਤੂ ਅੰਗਰੇਜ਼ੀ ਦੇ ਕੁਝ ਸ਼ਬਦ ਲਿਖਣ ਲਈ ਇਸ ਦੀ ਦੁਲਾਵਾਂ ਨਾਲ ਵੀ ਵਰਤੋ ਕਰਨੀ ਪੈਂਦੀ ਹੈ

196- ਦੋਹਰਾ ਸਵਰ ਕਿਸਨੂੰ ਕਿਹਾ ਜਾਂਦਾ ਹੈ।

ਉੱਤਰ- ਦੋ ਸਵਰਾਂ ਦਾ ਉਹ ਸੰਯੋਗ ਜੋ ਇਕ ਉਚਾਰਖੰਡ ਦੇ ਕੇਂਦਰ ਬਿੰਦੂ ਵਜੋ ਵਿਚਰਦਾ ਹੋਵੇ, ਉਸਨੂੰ ਦੋਹਰਾ ਸਵਰ ਕਿਹਾ ਜਾਂਦਾ ਹੈ। ਪੰਜਾਬੀ ਵਿਚ ਸਿਰਫ ਤਿੰਨ ਦੋਹਰੇ ਸਵਰ ਹਨ।

197- ਵਿਕਾਰੀ ਵਿਸ਼ੇਸ਼ਣ ਕਿਸਨੂੰ ਕਹਿੰਦੇ ਹਨ।

ਉੱਤਰ- ਜੋ ਵਿਸ਼ੇਸ਼ਣ ਸ਼ਬਦ ਨਾਂਵ ਦੇ ਲਿੰਗ, ਵਚਨ ਅਤੇ ਕਾਰਕ ਅਨੁਸਾਰ ਰੂਪਾਂਤਰਤ ਹੁੰਦੇ ਹਨ ਉਨਾਂ ਨੂੰ ਵਿਕਾਰੀ ਵਿਸ਼ੇਸ਼ਣ ਕਿਹਾ ਜਾਂਦਾ ਹੈ।

198- ਅੰਤਲਾ ਸ਼ਬਦ ਦਾ ਉਲਟ ਭਾਂਵੀ ਸ਼ਬਦ ਲਿਖੋ।
ਉੱਤਰ- ਆਰੰਭਿਕ

199- ਘਰ ਦਾ ਦੀਵਾ ਮੁਹਾਵਰੇ ਦਾ ਕੀ ਅਰਥ ਹੈ।
ਉੱਤਰ- ਘਰ ਦੀ ਰੋਣਕ

200- ਪੰਜਾਬੀ ਭਾਸ਼ਾ ਵਿਚ ਸਭ ਤੋ ਪਹਿਲਾਂ ਆਉਦਾ ਹੈ।
ਉੱਤਰ- ਕਰਤਾ

For Download More notes Visit it:-

www.earnmoneyjobs.com

GET IT ON Google Play

# Online Study




Subscribe to our

YouTube Channel

study master

FOR MORE STUDY VIDEOS

Earn Money JOBS.com

WWW.EARNMONEYJOBS.COM

WWW.AKHAR.TK

WWW.FACEBOOK.COM/PUNJABGOVTJOBS

WWW.YOUTUBE.COM/STUDYMASTER


Earn Money
JOBS.com
Government Jobs
GET DAILY EMPLOYMENT NEWS

Earn Money
JOBS.com
Government Jobs
GET DAILY EMPLOYMENT NEWS

